# प्रश्न बैंक

# QUESTION BANK

## कक्षा–10

## विषय – पंजाबी

# ਮਾਧਮੀਕ ਪਰਿਖਿਆ ਮੱਡਲ ਪ੍ਰਸ਼ਨ ਪੱਤਰ–2021

ਵਿਸ਼ਾ – ਪੰਜਾਬੀ (ਤੀਸਰੀ ਭਾਸ਼ਾ)

ਨੋਟ – ਖੰਡ 'ੳ' ਦੇ ਸਾਰੇ ਪ੍ਰਸ਼ਨ ਇੱਕ ਨੰਬਰ ਦੇ ਹਨ ।

(ਖੰਡ – ੳ)

1 ਹੇਠ ਲਿਖੇ ਪ੍ਰਸ਼ਨਾ ਦੇ ਸਹੀ ਵਿਕਲਪ ਦੀ ਚੋਣ ਕਰੋ –

(1) 'ਭਿਜਉ ਸਿਜਉ ਕੰਬਲੀ' ਸ਼ਲੋਕ ਕਿਸੱਦਾ ਹੈ –
(ੳ) ਮੀਆ ਵਜੀਦ (ਅ) ਬੁੱਲ੍ਹੇ ਸ਼ਾਹ
(ੲ) ਸ਼ੇਖ ਫਰੀਦ (ਸ) ਭਾਈ ਵੀਰ ਸਿੰਘ ( )

(2) ਕਿਹੜੀ ਕਿਰਤ ਗੁਰੂ ਨਾਨਕ ਦੇਵ ਜੀ ਦੀ ਨਹੀਂ –
(ੳ) ਸਿੰਮਲ ਰੁਖੁ ਸਰਾਇਰਾ (ਅ) ਖੁਰਾਸਾਨ ਖਸਮਾਨਾ ਕੀਆ
(ੲ) ਗਗਨ ਮੈ ਥਾਲੁ (ਸ) ਜਿਤੁ ਦਿਹਾੜੈ ਧਨ ਵਰੀ ( )

(3) 'ਇਕਨਾ ਦੇ ਘਰਿ ਪੁੱਤ' ਸਲੋਕ ਕਿਸ ਕਵੀ ਦਾ ਹੈ –
(ੳ) ਸ਼ੇਖ ਫਰੀਦ (ਅ) ਬੁਲੇ ਸ਼ਾਹ
(ੲ) ਸ਼ਾਹ ਹੁਸੈਨ (ਸ) ਮੀਆਂ ਵਜੀਦ ( )

(4) 'ਵਜੀਦਾ ਕੌਣ ਸਾਹਿਬ ਨੋ ਆਖੈ, ਐਉ ਨਹੀਂ ਅੰਵ ਕਰ ।'
ਸਲੋਕ ਵਿਚ 'ਸਾਹਿਬ' ਸ਼ਬਦ ਕਿਸ ਲਈ ਵਰਤਿਆ ਹੈ –
(ੳ) ਲੇਖਕ ਲਈ (ਅ) ਮਨੁਖ ਲਈ
(ੲ) ਰਬ ਲਈ (ਸ) ਔਰਤ ਲਈ ( )

(5) 'ਉਲਟੇ ਹੋਰ ਜਮਾਨੇ ਆਏ' ਕਿਰਤ ਕਿਸੱਦੀ ਹੈ –
(ੳ) ਬੁੱਲ੍ਹੇ ਸ਼ਾਹ (ਅ) ਮੀਆ ਵਜੀਦ
(ੲ) ਸ਼ਾਹ ਹੁਸੈਲ (ਸ) ਪ੍ਰੋ–ਮੋਹਨ ਸਿੰਘ ( )

(6) 'ਆਓਂ ਸਈਓ ਰਲ ਦਿਉ ਨੀ ਵਧਾਈ' ਕਾਫੀ ਵਿੱਚ ਬੁੱਲ੍ਹੇ ਸ਼ਾਹ ਕਿਹੜੀ ਵਧਾਈ ਦੇਣ ਵੱਲ ਸੰਕੇਤ ਕਰਦਾ ਹੈ ?
(ੳ) ਗੁਰੂ ਨੂੰ ਪ੍ਰਾਪਤ ਕਰਨ ਦੀ (ਅ) ਗੁਰੂ ਤੋ ਵਿਛੜਨ ਦੀ
(ੲ) ੳ ਤੇ ਅ ਦੋਨੋ (ਸ) ਕੋਈ ਵੀ ਨਹੀਂ ( )

(7) 'ਬੋਲੀ ਹੈ ਪੰਜਾਬੀ ਸਾਡੀ' ਕਵਿਤਾ ਕਿਸ ਕਵੀ ਦੀ ਰਚਨਾ ਹੈ ?
(ੳ) ਪ੍ਰੋ.ਮੋਹਨ ਸਿੰਘ (ਅ) ਪ੍ਰੋ. ਪੂਰਨ ਸਿੰਘ
(ੲ) ਧਨੀ ਰਾਮ ਚਾਤ੍ਰਿਕ (ਸ) ਵਾਰਸ਼ ਸ਼ਾਹ ( )

(8) ਹੇਠ ਲਿਖਿਆ ਚੋ ਕਿਹੜੀ ਕਿਰਤ ਧਨੀ ਰਾਮ ਚਾਤ੍ਰਿਕ ਦੀ ਨਹੀਂ –
(ੳ) ਬੋਲੀ ਹੈ ਪੰਜਾਬੀ ਸਾਡੀ (ਅ) ਸੁਖੀ ਜੀਉਣ ਦੀ ਕੁੰਜੀ
(ੲ) ਵਿਸਾਖੀ ਦਾ ਮੇਲਾ (ਸ) ਮਾਂ ( )

(9) ਇਹਨਾ ਵਿਚੋ ਕਿਹੜੀ ਕਵਿਤਾ ਪ੍ਰੋ. ਮੋਹਨ ਸਿੰਘ ਦੀ ਨਹੀਂ –
(ੳ) ਮਾਂ (ਅ) ਹਾਲੀ ਦਾ ਗੀਤ
(ੲ) ਗੁਰੂ ਨਾਨਕ ਨੂੰ (ਸ) ਤਮਗ਼ੇ ( )

(10) 'ਗੁਰੂ ਨਾਨਕ ਨੂੰ' ਕਵਿਤਾ ਵਿਚ ਕਿਹੜੀ ਦੁਖਾਤਕ ਘਟਨਾ ਨਾਲ ਸੰਬੰਧ ਰੱਖਦੀ ਹੈ ?
(ੳ) 1947 ਵਿੱਚ ਦੇਸ਼ ਪੰਜਾਬ ਦੀ ਵੰਡ ਨਾਲ (ਅ) ਘਰੇਲ ਘਟਨਾ
(ੲ) 1950 ਵਿੱਚ ਦੇਸ ਵਿੱਚ ਹੋਏ ਫਸਾਦਾ ਨਾਲ(ਸ) ਕੋਈ ਨਹੀਂ ( )

(11) ਗੁਰੂ ਨਾਨਕ ਦੇਵ ਜੀ ਨੇ ਕਿਸ ਦੇ ਜ਼ੁਲਮਾ ਸਮੇ ਰੱਬ ਨੂੰ ਵਗਾਰਿਆ ਸੀ ?

(ੳ) ਔਰੰਗਜੇਬ ਦੇ (ਅ) ਬਾਬਰ ਦੇ

(ੲ) ਦੋਨਾ ਦੇ (ੳ ਤੇ ਅ) (ਸ) ਕੋਈ ਨਹੀਂ ( )

(12) ਮਾਂ ਵਰਗਾ ਘਣ–ਛਾਵਾਂ ਬੂਟਾ, ............ ਤੁੱਕ ਪੂਰੀ ਕਰੋ ?

(ੳ) ਐਨੂੰ ਨਜ਼ਰ ਨਾ ਆਏ (ਅ) ਇਹ ਬੂਟਾ ਸੁਕ ਜਾਏ

(ੲ) ਬਾਕੀ ਕੁਲ ਦੁਨੀਆਂ ਦੇ ਬੁਟੇ (ਸ) ਸਾਰੇ ਹੀ ( )

(12) ਮਾਂ ਵਰਗਾ ਘਣ–ਛਾਵਾਂ ਬੂਟਾ, ............ ਤੁੱਕ ਪੂਰੀ ਕਰੋ ?

(ੳ) ਐਨੂੰ ਨਜ਼ਰ ਨਾ ਆਏ (ਅ) ਇਹ ਬੂਟਾ ਸੁਕ ਜਾਏ

(ੲ) ਬਾਕੀ ਕੁਲ ਦੁਨੀਆਂ ਦੇ ਬੁਟੇ (ਸ) ਸਾਰੇ ਹੀ ( )

(13) ਹੇਠ ਲਿਖਿਆਂ ਵਿਚੋ ਕਿਹੜੀ ਕਵਿਤਾ ਅੰਮ੍ਰਿਤਾ ਪ੍ਰੀਤਮ ਦੀ ਨਹੀਂ –

(ੳ) ਅੱਜ ਆਖਾਂ ਵਾਰਿਸ ਸ਼ਾਹ ਨੂੰ (ਅ) ਚਾਨਣ ਦੀ ਫੁਲਕਾਰੀ

(ੲ) ਤਮਗੇ (ਸ) ਰੁੱਖ ( )

(14) ਅਮ੍ਰਿਤਾ ਪ੍ਰੀਤਮ ਕਿਸ ਨੂੰ ਇਸਤਰੀਆ ਦਾ ਦਰਦਮੰਦ ਸਮਝਦੀ ਹੈ ?

(ੳ) ਵਾਰਿਸ ਸ਼ਧ ਨੂੰ (ਅ) ਬੁਲੇ ਸ਼ਾਹ ਨੂੰ

(ੲ) ਸ਼ਧ ਇਨਾਇਤ ਨੂੰ (ਸ) ਸਾਰਿਆਂ ਨੂੰ ( )

(15) ਅੱਜ ਬੇਲੇ ਲਾਸ਼ਾਂ ਵਿਛੀਆ ਤੇ ਲਹੁ ਭਰੀ ਚਨਾਬ ।, ਵਿੱਚ ਚਨਾਬ ਦਾ ਕੀ ਅਰਥ ਹੈ ?

(ੳ) ਦਰਿਆ (ਅ) ਵਸਤੂ

(ੲ) ਪਾਣੀ (ਸ) ਦਵਾਈ ( )

(16) 'ਅੱਜ ਆਖਾ ਵਾਰਿਸ ਸ਼ਾਹ ਨੂੰ' ਕਵਿਤਾ ਕਿਸ ਇਤਿਹਾਸਕ ਘਟਨਾ ਵੱਲ ਸੰਕੇਤ ਕਰਦੀ ਹੈ ?

(ੳ) 1947 ਦੀ ਭਾਰਤ ਪਾਕ ਵੰਡ (ਅ) 1857 ਦੀ ਕ੍ਰਾਂਤੀ

(ੲ) 1950 ਦੀ ਭਾਰਤ ਪਾਕ ਵੰਡ (ਸ) ਸਾਰੇ ਹੀ ( )

(17) 'ਅੰਬਰ–ਗੰਗਾ ਹੁੰਦੀ ਗਾਗਰ ਭਰ ਦੇਂਦੀ'– ਤੁੱਕ ਵਿੱਚ ਕਵਿਤਰੀ ਕਿਸ ਦੀ ਗਾਗਰ ਭਰਨਾ ਚਾਹੁੰਦੀ ਹੈ ?

(ੳ) ਅਕਾਸ਼–ਗੰਗਾ ਦੀ (ਅ) ਪਾਣੀ ਦੀ

(ੲ) ਸੋਨੇ ਦੀ (ਸ) ਮੋਤੀ ਦੀ ( )

(18) ਦਰਦਾਂ ਦਾ ਦਰਿਆਉ ਕਿਹੜਾ ਘੁੱਟ ਭਰੇ – ਤੁੱਕ ਵਿੱਚ ਕਵਿਤਰੀ ਕੋਲ ਕਿਹੜਾ ਦਰਿਆ ਵਗਦਾ ਹੈ ?

(ੳ) ਦੁੱਖਾਂ ਦਾ (ਅ) ਸੁੱਖਾਂ ਦਾ

(ੲ) ਗੰਗਾ ਦਾ (ਸ) ਕੋਈ ਨਹੀਂ ( )

(19) 'ਚਾਨਣ ਦੀ ਫੁਲਕਾਰੀ' ਕਵਿਤਾ ਕਿਸ ਦੀ ਲਿਖੀ ਹੋਈ ਹੈ –

(ੳ) ਸ਼ਿਵ ਕੁਮਾਰ ਦੀ (ਅ) ਪ੍ਰੋ. ਮੋਹਨ ਸਿੰਘ

(ੲ) ਅਮ੍ਰਿਤਾ ਪ੍ਰੀਤਮ (ਸ) ਭਾਈ ਵੀਰ ਸਿੰਘ ( )

(20) 'ਤਮਗ਼ੇ' ਕਵਿਤਾ ਕਿਸ ਕਵੀ ਦੀ ਰਚਨਾ ਹੈ –

(ੳ) ਅਮ੍ਰਿਤਾ ਪ੍ਰੀਤਮ (ਅ) ਭਾਈ ਵੀਰ ਸਿੰਘ

(ੲ) ਪ੍ਰੋ.ਪੂਰਨ ਸਿੰਘ (ਸ) ਧਨੀ ਰਾਮ ਚਾਤ੍ਰਿਕ ( )

(21) 'ਤਮਗ਼ੇ' ਕਵਿਤਾ ਕੀ ਸੁਰ ਕਿਹੋ ਜਿਹੀ ਹੈ –

(ੳ) ਵਿਅੰਗਾਤਮਿਕ (ਅ) ਹੱਸਾ ਸਪਟ

(ੲ) ਪ੍ਰੇਮ (ਸ) ਕੋਈ ਨਹੀਂ ( )

(22) 'ਸ਼ਿਵ ਕੁਮਾਰ ਬਟਾਲਵੀ' ਦੁਆਰਾ ਰਚਿਤ ਕਵਿਤਾ ਕਿਹੜੀ ਹੈ ?

(ੳ) ਰੁਖ (ਅ) ਤੈਨੂੰ ਦਿਆ ਹੰਝੂਆ ਦਾ ਭਾੜਾ

(ੲ) ਦੋਵੇ ਹੀ (ੳ ਤੇ ਅ) (ਸ) ਕੋਈ ਨਹੀਂ ( )

(23) 'ਰੁਖ' ਕਵਿਤਾ ਵਿਚ ਕਵੀ ਰੁੱਖਾਂ ਤੋ ਕੀ ਲਿਖਣਾ ਚਾਹੁੰਦਾ ਹੈ –

(ੳ) ਮਿਲ–ਵਰਤਣ (ਅ) ਮਿੱਠੀ ਬੋਲੀ

(ੲ) ਕੌੜੀ ਬੋਲੀ (ਸ) ਸਾਰੇ ਹੀ ( )

(24) ਕੁਝ ਕਿਹਾ ਤਾਂ ................ ਤੁੱਕ ਦਾ ਸਾਹਿਬ ਰੂਪ ਕੀ ਹੈ ?

(ੳ) ਗੀਤ (ਅ) ਗਜ਼ਲ

(ੲ) ਕਵਿਤਾ (ਸ) ਕੋਈ ਨਹੀਂ ( )

(25) ਕੁਝ ਕਿਹਾ ਤਾਂ ................ ਰਚਨਾ ਕਿਸ ਕਵੀ ਦੀ ਹੈ ?

(ੳ) ਸੁਰਜੀਤ ਪਾਤਰ (ਅ) ਸ਼ਿਵ ਕੁਮਾਰ ਬਟਾਲਵੀ

(ੲ) ਭਾਈ ਵੀਰ ਸਿੰਘ (ਸ) ਪ੍ਰੋ. ਪੂਰਨ ਸਿੰਘ ( )

(26) ਸੁੰਨੇ–ਸੁੰਨੇ ਰਾਹਾਂ ਉੱਪਰ ਕੌਣ ਗਿਆ ਸੀ ?

(ੳ) ਪਿਤਾ (ਅ) ਮਾਤਾ

(ੲ) ਭੈਣ (ਸ) ਭਰਾ ( )

(27) ਗੰਗਾਦੀਨ ਨਿਬੰਧ ਕਿਸ ਦੀ ਰਚਨਾ ਹੈ ?

(ੳ) ਪ੍ਰਿ. ਤੇਜਾ ਸਿੰਘ (ਅ) ਪ੍ਰੋ. ਸੰਤ ਸਿੰਘ ਸੇਖੋ

(ੲ) ਗੁਰਦਿਆਲ ਸਿੰਘ (ਸ) ਕੋਈ ਨਹੀਂ ( )

(28) ਗੰਗਾਦੀਨ ਕੌਣ ਸੀ ?

(ੳ) ਬੂਟਾ ਦਾ ਕਾਰੀਗਰ (ਅ) ਸੂਟ ਸਿਉਣ ਵਾਲਾ

(ੲ) ਚਮੜੇ ਦੇ ਬੂਟ ਬਣਾਉਣ ਵਾਲਾ (ਸ) ਕੋਈ ਨਹੀਂ ( )

(29) 'ਫਲਾਇੰਗ ਸਿੱਖ ਮਿਲਖਾ ਸਿੰਘ' ਨਿਬੰਧ ਕਿਸਦੀ ਰਚਨਾ ਹੈ ।

(ੳ) ਪ੍ਰੋ. ਸਰਵਣ ਸਿੰਘ ਦੀ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ (ਸ) ਗੁਰਦਿਆਲ ਸਿੰਘ ( )

(30) ਮਿਲਖਾ ਸਿੰਘ ਹੋਰੀ ਕਿੰਨੇ ਭੈਣ–ਭਰਾ ਸਨ ?

(ੳ) ਪੰਜ ਤੇ ਤਿੰਨ (ਅ) ਚਾਰ ਤੇ ਦੋ

(ੲ) ਛੇ ਤੇ ਦੋ (ਸ) ਇਕ ਤੇ ਦੋ ( )

(31) ਤੀਜੀ ਏਸ਼ੀਆਈ ਖੇਡਾਂ ਕਦੋਂ ਹੋਈਆਂ ਸਨ ?

(ੳ) 1950 ਵਿੱਚ (ਅ) 1958 ਵਿੱਚ

(ੲ) 1960 ਵਿੱਚ (ਸ) 1970 ਵਿੱਚ ( )

(32) 'ਮਹਾਰਾਜਾ ਗੰਗਾ ਸਿੰਘ' ਨਿਬੰਧ ਕਿਸਦੀ ਰਚਨਾ ਹੈ ?

(ੳ) ਹਰਪਾਲ ਸਿੰਘ ਲੱਖੀਆ (ਅ) ਪ੍ਰੋ. ਸਵਰਣ ਸਿੰਘ

(ੲ) ਬਲਜਿੰਦਰ ਸਿੰਘ ਭੁੱਲਰ (ਸ) ਕੋਈ ਨਹੀਂ ( )

(33) 'ਮਹਾਰਾਜਾ ਗੰਗਾ ਸਿੰਘ' ਦਾ ਜਨਮ ਕਦੋ ਹੋਇਆ ?

(ੳ) 1880 ਈ ਵਿੱਚ (ਅ) 1980 ਈ ਵਿੱਚ

(ੲ) 1882 ਈ ਵਿੱਚ (ਸ) 1982 ਈ ਵਿੱਚ ( )

(34) 'ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ' ਨਿਬੰਧ ਕਿਸਦੀ ਰਚਨਾ ਹੈ ?

(ੳ) ਬਲਜਿੰਦਰ ਸਿੰਘ ਭਲਰਦੀ (ਅ) ਪ੍ਰੋ. ਸਵਰਣ ਸਿੰਘ

(ੲ) ਹਰਪਾਲ ਸਿੰਘ ਲੱਖੀਆ (ਸ) ਪ੍ਰੋ. ਮੋਹਨ ਸਿੰਘ ( )

(35) ਰਾਜਸਥਾਨ ਦੇ ਕਿਲ੍ਹਿਆ ਵਿੱਚੋਂ ਸਭ ਤੋ ਮਹੱਤਵ ਪੂਰਨ ਸਥਾਨ ਕਿਹੜੇ ਕਿਲ੍ਹੇ ਦਾ ਹੈ ?

(ੳ) ਚਿਤੌੜ ਦੇ ਕਿਲ੍ਹੇ ਦਾ (ਅ) ਆਮੇਰ ਦੇ ਕਿਲ੍ਹੇ ਦਾ

(ੲ) ਜੈਸਲਮੇਰ ਦੇ ਕਿਲ੍ਹੇ ਦਾ (ਸ) ਅਜਮੇਰ ਦੇ ਕਿਲ੍ਹੇ ਦਾ ( )

(36) 'ਗੜ ਤੋ ਚਿਤੌੜ ਗੜ੍ਹ ਔਰ ਸਭ ਗੜੈਯ ਹੈ'– ਇਹ ਸ਼ਬਦ ਕਿਹੜੇ ਕਿਲ੍ਹੇ ਬਾਰੇ ਲਿਖੇ ਗਏ ਹਨ –

(ੳ) ਤਾਰਾਗੜ ਦੇ ਕਿਲ੍ਹੇ ਬਾਰੇ (ਅ) ਚਿਤੌੜ ਦੇ ਕਿਲ੍ਹੇ ਬਾਰੇ

(ੲ) ਬੂੰਦੀ ਦੇ ਕਿਲ੍ਹੇ ਬਾਰੇ (ਸ) ਜਯਪੁਰ ਦੇ ਕਿਲ੍ਹੇ ਬਾਰੇ ( )

(37) ਕਿਸ ਕਿਲ੍ਹੇ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਹਿੰਦੀ ਫਿਲਮ ਬਣਾਈ ਗਈ ?

(ੳ) ਜੈਸਲਮੇਰ (ਅ) ਚਿਤੌੜਗੜ

(ੲ) ਬੂੰਦੀ (ਸ) ਅਜਮੇਰ ( )

(38) ਮਨੁੱਖ ਆਪਣੇ ਮਨ ਦੇ ਹਾਵਾਂ– ਭਾਵਾਂ ਤੇ ਵਿਚਾਰਾ ਨੂੰ ਦੁਜਿਆ ਦੇ ਸਾਹਮਣੇ ਪ੍ਰਗਟ ਕਰਨ ਲਈ ਜਿਹੜੇ ਸਾਧਨ ਦੀ ਵਰਤੋ ਕਰਦਾ ਹੈ, ਉਸ ਨੂੰ ਕੀ ਕਿਹਾ ਜਾਂਦਾ ਹੈ ?

(ੳ) ਭਾਸ਼ਾ / ਬੋਲੀ (ਅ) ਵਿਆਕਰਣ

(ੲ) ਗੱਲਬਾਤ (ਸ) ਮਨ ਪ੍ਰਚਾਵਾ ( )

(39) ਦੋ ਬੁਲਾਰਿਆਂ ਵਿਚਕਾਰ ਮੋਖਿਕ ਢੰਗ ਨਾਲ ਕੀਤੀ ਜਾ ਰਹੀ ਸਧਾਰਨ ਗੱਲਬਾਤ ਨੂੰ ਕਿਹੜੀ ਭਾਸ਼ਾ ਕਿਹਾ ਜਾਂਦਾ ਹੈ ?

(ੳ) ਭਾਸ਼ਾ (ਅ) ਉਪ ਭਾਸ਼ਾ

(ੲ) ਲਿਖਤੀ ਭਾਸ਼ਾ (ਸ) ਬੋਲਚਾਲ ਦੀ ਭਾਸ਼ਾ ( )

(40) ਟੈਲੀਫੋਨ ਰਾਹੀਂ ਕੀਤੀ ਜਾ ਰਹੀ ਗੱਲਬਾਤ ਕਿਹੜੀ ਕਿਸਮ ਦੀ ਭਾਸ਼ਾ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੇ ?

(ੳ) ਲਿਖਤੀ (ਅ) ਬੋਲਚਾਲੀ /ਮੌਖਿਕ

(ੲ) ਵਿਆਕਰਨਕ (ਸ) ਇਸ਼ਾਰਿਆ ਦੀ ਤਰ੍ਹਾਂ ( )

(41) ਮੋਬਾਈਲ ਰਾਹੀਂ ਐਮ. ਐਮ. ਐਸ. ਭਾਸ਼ਾ ਦਾ ਕਿਹੜਾ ਰੂਪ ਹੁੰਦਾ ਹੈ ?

(ੳ) ਲਿਖਤੀ (ਅ) ਮੌਖਿਕ

(ੲ) ਆਧੁਨਿਕ (ਸ) ਸੂਚਨਾ ( )

(42) ਜਿਹੜੀ ਭਾਸ਼ਾ ਬੱਚਾ ਆਪਣੇ ਘਰ–ਪਰਿਵਾਰ ਤੋਂ ਆਪਣੀ ਮਾਂ ਦੀ ਗੋਦ ਵਿੱਚ ਬੈਠ ਕੇ ਸਿੱਖਦਾ ਹੈ, ਉਹ ਕਿਹੜੀ ਭਾਸ਼ਾ ਹੁੰਦੀ ਹੈ ?

(ੳ) ਬੋਲਚਾਲੀ ਭਾਸ਼ਾ (ਅ) ਇਸ਼ਾਰਿਆ ਦੀ ਭਾਸ਼ਾ

(ੲ) ਮਾਤ ਭਾਸ਼ਾ (ਸ) ਅੰਤਰਰਾਸਟਰੀ ਭਾਸ਼ਾ ( )

(43) ਪੰਜਾਬ ਦੀ ਭਾਸ਼ਾ ਕਿਹੜੀ ਹੈ ?

(ੳ) ਹਿੰਦੀ (ਅ) ਅੰਗਰੇਜੀ

(ੲ) ਉਰਦੂ (ਸ) ਪੰਜਾਬੀ ( )

(44) ਜਿਸ ਭਾਸ਼ਾ ਦੀ ਵਰਤੋ ਸਰਕਾਰੀ ਕੰਮ–ਕਾਜ ਦੇ ਖੇਤਰ ਵਿੱਚ ਹੋਵੇ, ਉਹ ਕਿਹੜੀ ਹੁੰਦੀ ਹੈ ?

(ੳ) ਰਾਜ ਭਾਸ਼ਾ (ਅ) ਮਾਤ ਭਾਸ਼ਾ

(ੲ) ਟਕਸਾਲੀ ਭਾਸ਼ਾ (ਸ) ਗੁਪਤ ਭਾਸ਼ਾ ( )

(45) ਪੰਜਾਬੀ ਦੀ ਟਕਸਾਲੀ ਭਾਸ਼ਾ ਕਿਹੜੀ ਹੈ ?

(ੳ) ਮਾਝੀ (ਅ) ਮਾਲਵੀ

(ੲ) ਦੁਆਬੀ (ਸ) ਹਿੰਦੀ ( )

(46) ਇਲਾਕੇ ਦੇ ਆਧਾਰ ਤੇ ਬੋਲੀ ਜਾਣ ਭਾਸ਼ਾ ਨੂੰ ਕੀ ਕਿਹਾ ਜਾਂਦਾ ਹੈ ?

(ੳ) ਬੋਲੀ (ਅ) ਉਪ–ਭਾਸ਼ਾ

(ੲ) ਮਾਝੀ (ਸ) ਰਾਸ਼ਟਰੀ ਭਾਸ਼ਾ ( )

(47) ਜਿਲ੍ਹਾ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਇਲਾਕੇ ਵਿੱਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ ?

(ੳ) ਮਾਤ–ਭਾਸ਼ਾ (ਅ) ਮਾਝੀ

(ੲ) ਮਾਲਵੀ (ਸ) ਦੁਆਬੀ ( )

(48) 'ਦੁਆਬੀ' ਭਾਸ਼ਾ ਕਿਹੜੇ–ਕਿਹੜੇ ਇਲਾਕੇ ਵਿੱਚ ਬੋਲੀ ਜਾਂਦੀ ਹੈ ?

(ੳ) ਬਟਾਲਾ, ਗੁਰਦਾਸਪੁਰ (ਅ) ਜਲੰਧਰ, ਹੁਸ਼ਿਆਰਪੁਰ, ਕਪੂਰਥਲਾ

(ੲ) ਪਾਕਿਸਤਾਨ, ਲਾਹੌਰ (ਸ) ਪਟਿਆਲਾ, ਸੰਗਰੂਰ ( )

(49) 'ਵ' ਦੀ ਥਾਂ 'ਬ' ਦੀ ਵਰਤੋ ਕਿਸ ਇਲਾਕੇ ਦੀ ਖਾਸ ਪਛਾਣ ਹੈ ?

(ੳ) ਮਾਝੀ (ਅ) ਮਲਵਈ

(ੲ) ਪਾਕਿਸਤਾਨੀ (ਸ) ਦੁਆਬੀ ( )

(50) ਜਿਲ੍ਹਾ ਫਿਰੋਜਪੁਰ, ਬਠਿੰਡਾ, ਲੁਧਿਆਣਾ, ਸੰਗਰੂਰ ਤੇ ਪਟਿਆਲਾ ਦੇ ਕੁਝ ਇਲਾਕਿਆ ਵਿਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?

(ੳ) ਮਾਝੀ (ਅ) ਮਲਵਈ

(ੲ) ਦੁਆਬੀ (ਸ) ਪੋਠੋਹਾਰੀ ( )

(51) ਮੁਲਤਾਨ, ਪੋਠੋਹਾਰ ਤੇ ਹਿੰਦਕੋ (ਪਾਕਿਸਤਾਨ) ਦੀ ਪੰਜਾਬੀ ਭਾਸ਼ਾ ਨੂੰ ਕੀ ਕਿਹਾ ਜਾਂਦਾ ਹੈ ?

(ੳ) ਪੂਰਬੀ ਪੰਜਾਬੀ (ਅ) ਪਛੱਮੀ ਪੰਜਾਬੀ

(ੲ) ਹਿੰਦੀ ਪੰਜਾਬੀ (ਸ) ਪਾਕਿਸਤਾਨੀ ਪੰਜਾਬੀ ( )

(52) ਕਿਸੇ ਭਾਸ਼ਾ ਨੂੰ ਸ਼ੁਧ ਰੂਪ ਵਿੱਚ ਲਿਖਣ ਲਈ ਵਿਦਵਾਨਾ ਦੁਆਰਾ ਬਣਾਏ ਗਏ ਨਿਯਮਾ ਦੇ ਸੰਗ੍ਰਿਹ ਨੂੰ ਕੀ ਕਿਹਾ ਜਾਂਦਾ ਹੈ?

(ੳ) ਬੋਲੀ (ਅ) ਉਪ ਭਾਸ਼ਾ

(ੲ) ਰਾਜ ਭਾਸ਼ਾ (ਸ) ਵਿਆਕਰਨ ( )

(53) ਵਿਆਕਰਨ ਦੇ ਕਿੰਨੇ ਤੱਤ ਹਨ ?

(ੳ) ਪੰਜ (ਅ) ਚਾਰ

(ੲ) ਤਿੰਨ (ਸ) ਦੋ ( )

(54) ਵਰਨ ਬੋਧ, ਸ਼ਬਦ ਬੋਧ, ਤੇ ਵਾਕ ਬੋਧ ਕੀ ਹਨ ?

(ੳ) ਵਿਆਕਰਨ (ਅ) ਵਿਆਕਰਨ ਦੇ ਭਾਗ

(ੲ) ਵਿਆਕਰਨ ਦੇ ਤੱਤ (ਸ) ਕੁਝ ਵੀ ਨਹੀਂ ( )

(55) 'ਉਸਤਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਨਿੰਦਿਆ (ਅ) ਸਿਫਤ

(ੲ) ਵਡਿਆਈ (ਸ) ਵਿਸ਼ੇਸ਼ ( )

(56) 'ਅੰਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਅਰੰਭ (ਅ) ਅਖੀਰ

(ੲ) ਸਿਰਫ (ਸ) ਦੂਰ ( )

(57) 'ਆਮਦਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਪੈਸਾ (ਅ) ਜਾਇਦਾਦ

(ੲ) ਖਰਚ (ਸ) ਰੁਪਿਆ ( )

(58) 'ਹਾਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਇਨਾਮ (ਅ) ਬੇਇਜਤੀ

(ੲ) ਮੈਡਲ (ਸ) ਜਿੱਤ ( )

(59) 'ਕੁੜੱਤਣ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਨਮਕੀਨ (ਅ) ਮਿਠਾਸ

(ੲ) ਫਿੱਕਾ (ਸ) ਕੌੜਾ ( )

(60) 'ਖੁਸ਼ੀ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਪ੍ਰਸੰਸਾ (ਅ) ਹਾਸਾ

(ੲ) ਗਮੀ (ਸ) ਹੈਰਾਨੀ ( )

(61) 'ਨਵੀਨ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ –

(ੳ) ਨਵਾ (ਅ) ਚਮਤਕਾਰ

(ੲ) ਪੁਰਾਤਨ (ਸ) ਵਧੀਆ ( )

(62) ਸਹੀ ਵਿਰੋਧੀ ਸ਼ਬਦ ਚੁਣੋ –

(ੳ) ਅਮੀਰ / ਰਾਜਾ (ਅ) ਅਮੀਰ / ਨੇਤਾ

(ੲ) ਅਮੀਰ / ਗਰੀਬ (ਸ) ਅਮੀਰ / ਧਨਾਢ ( )

(63) ਸਹੀ ਵਿਰੋਧੀ ਸ਼ਬਦ ਚੁਣੋ –

(ੳ) ਸੱਖਣਾ / ਖਾਲੀ (ਅ) ਸੱਖਣਾ / ਸੁਖਣਾ

(ੲ) ਸੱਖਣਾ / ਉਣਾ (ਸ) ਸੱਖਣਾ / ਭਰਿਆ ( )

2. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇਕ ਪਗਤੀ ਵਿਚ ਦਿਉ –

(64) 'ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ' ਵਾਲੇ ਸ਼ਲੋਕ ਦਾ ਕੇਂਦਰੀ ਭਾਵ ਲਿਖੋ ?

(65) 'ਬੋਲੀ ਹੈ ਪੰਜਾਬੀ ਸਾਡੀ' ਕਿਰਤ ਕਿਸ ਦੀ ਹੈ ?

(66) ਧਨੀ ਰਾਮ ਚਾਤ੍ਰਿਕ ਦੀ ਰਚਨਾਵਾਂ ਦੇ ਨਾ ਲਿਖੋ ?

(67) 'ਬੋਲੀ ਹੈ ਪੰਜਾਬੀ ਸਾਡੀ' ਕਾਵਿ ਰਚਨਾ ਕੀ ਸੁਨੇਹਾ ਦਿੰਦੀ ਹੈ ?

(68) ਪ੍ਰੋ–ਮੋਹਨ ਸਿੰਘ ਦੀ ਰਚਨਾਵਾਂ ਦੇ ਨਾਂ ਲਿਖੋ ?

(69) 'ਮਾਂ' ਕਵੀ ਅਨੁਸਾਰ ਕਦੋਂ ਸੁੱਕ ਜਾਂਦੀ ਹੈ ?

(70) 'ਗੁਰੂ ਨਾਨਕ ਨੂੰ' ਕਵਿਤਾ ਦੇ ਕਵੀ ਦਾ ਨਾਂ ਲਿਖੋ ?

(71)'ਮਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ?

(72) ਲੱਖਾਂ ਧੀਆਂ (ਅੱਜ ਆਖਾਂ ਵਾਰਿਸ ਸ਼ਾਹ ਨੂੰ) ਕਿਉ ਰੋਦੀਆਂ ਹਨ ?

(73) ਅੰਮ੍ਰਿਤਾ ਪ੍ਰੀਤਮ ਦੀ ਰਚਨਾਵਾਂ ਦੇ ਨਾਂ ਲਿਖੋ ?

(74) ਸ਼ਿਵ ਕੁਮਾਰ ਬਟਾਲਵੀ ਦੀ ਰਚਨਾਂਵਾ ਦੇ ਨਾ ਲਿਖੋ ?

(75) ਕਵੀ ਰੁਖਾਂ ਤੋਂ ਕੀ ਲਿਖਣਾ ਚਾਹੁੰਦਾ ਹੈ ?

(76) 'ਜਿੱਥੇ ਮੇਰੇ ਹਾਣੀਆਂ ਦਾ, ਟੁਰ ਗਿਆ ਪੂਰਾ ਨੀਂ' ਤੁੱਕ ਤੋਂ ਕੀ ਭਾਵ ਹੈ ?

(77) 'ਕੁਛ ਕਿਹਾ ਤਾਂ ਹਨ੍ਹੇਰਾ ਜਰੇਗਾ ਕਿਵੇਂ' ਵਿਚ ਕਵੀ ਨੇ ਹਨੇਰਾ ਕਿਸ ਨੂੰ ਕਿਹਾ ਹੈ ?

(78) ਸੁਰਜੀਤ ਪਾਤਰ ਦੀ ਰਚਨਾਵਾਂ ਦੇ ਨਾਂ ਲਿਖੋ ?

(79) 'ਕੁਛ ਕਿਹਾ ਤਾਂ .................. (ਗਜਲ)' ਕਵਿਤਾ ਦਾ ਕੇਂਦਰੀ ਭਾਵ ਲਿਖੋ ?

(80) ਸੁੰਨੇ–ਸੁੰਨੇ ਰਾਹਾ ਉਪਰ ਕੌਣ ਗਿਆ ਸੀ ਤੇ ਕਿਸ ਲਈ ?

(81)'ਗੰਗਾਦੀਨ' ਕੀ ਕੰਮ ਕਰਦਾ ਸੀ?

(82) 'ਰੰਗਾਦੀਨ' ਕੋਣ ਸੀ?

(83) ਕੋਈ ਵੀ ਗਾਹਕ ਰੰਗਾਦੀਨ ਦਾ ਬਿੱਲ ਕਿਉਂ ਨਹੀ ਸੀ ਰੋਕਦਾ ?

(84) ਮਿਲਖਾ ਸਿੰਘ ਨੂੰ ਕਿਹੜਾ ਖਿਤਾਬ ਪ੍ਰਾਪਤ ਸੀ ?

(85) ਮਿਲਖਾ ਸਿੰਘ ਦੀ ਆਖਰੀ ਦੌੜ ਕਿਹੜੀ ਸੀ ?

(86) 'ਮਹਾਰਾਜਾ ਗੰਗਾਸਿੰਘ' ਦਾ ਜਨਮ ਕਦੋਂ ਹੋਇਆ ?

(87) 'ਮਹਾਰਾਜਾ ਗੰਗਾ ਸਿੰਘ' ਕਿਸ ਚਿਜ਼ ਦੇ ਸਖ਼ਤ ਵਿਰੁੱਧ ਸੀ ?

(88) 'ਮਹਾਰਾਜਾ ਗੰਗਾ ਸਿੰਘ' ਨੇ ਕਿਹੜੀ ਨਹਿਰ ਬਣਾਵਾਈ ?

(89) ਰਾਜਸਥਾਨ ਦੇ ਕਿਲ੍ਹਿਆਂ ਵਿੱਚੋਂ ਸਭ ਤੋ ਮਹੱਤਵਪੂਰਨ ਸਥਾਨ ਕਿਹੜੇ ਕਿਲ੍ਹੇ ਦਾ ਹੈ ?

(90) ਕਿਸ ਕਿਲ੍ਹੇ ਦੀ ਮਹਤਤਾ ਨੂੰ ਮੁੱਖ ਰੱਖ ਕੇ ਹਿੰਦੀ ਫਿਲਮ ਬਣਾਈ ਗਈ ?

(91)ਗਾਗਰੋਣ ਦੇ ਕਿਲ੍ਹੇ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਕਿਉ ?

(92) ਰਾਜਸਥਾਨ ਦੇ ਪ੍ਰਸਿੱਧ ਪੰਜ ਕਿਲ੍ਹਿਆਂ ਦੇ ਨਾ ਦਸੋ ?

(93) 'ਪਹੁਤਾ ਪਾਂਧੀ' ਕਹਾਣੀ ਦਾ ਮੁੱਖ ਪਾਤਰ ਕੌਣ ਹੈ ?

(94) ਮੇਜਰ ਸਾਹਿਬ ਫਸਟ ਕਲਾਸ ਦੇ ਡੱਬੇ ਨੂੰ ਕਿਹੋ ਜਿਹਾ ਡੱਬਾ ਆਖਦੇ ਸਨ ?

(95) 'ਪਹੁਤਾ ਪਾਂਧੀ' ਸ਼ਬਦ ਦੇ ਕੀ ਅਰਥ ਹਨ ?

(96) ਮੇਜਰ ਸਾਹਿਬ / ਬੰਤਾ ਸਿੰਘ / ਸਿਪਾਹੀ / ਸਿਕੰਜਵੀ ਵਾਲਾ ਕਿਸ ਕਹਾਣੀ ਦੇ ਪਾਤਰ ਹਨ ?

(97) 'ਸਾਂਝੀ ਕੰਧ' ਕਹਾਣੀ ਕਿਸਦੀ ਰਚਨਾ ਹੈ ?

(98) ਦਰਬਾਰਾ ਕਿਹੜੀ ਬਿਮਾਰੀ ਦਾ ਸ਼ਿਕਾਹ ਹੋ ਗਿਆ ਸੀ ?

(99) 'ਦੁੱਧ ਦਾ ਛਪੜ' ਕਹਾਣੀ ਕਿਸ ਦੀ ਰਚਨਾ ਹੈ ?

(100) ਲਾਲ ਤੇ ਦਿਆਲ ਦਾ ਅਪਾਸ ਵਿੱਚ ਕਿ ਰਿਸ਼ਤਾ ਸੀ?

(101) ਲਾਲ ਦੀ ਘਰਵਾਲੀ ਨੂੰ ਕਿਹੜੀ ਗੱਲ ਤੇ ਗੁੱਸਾ ਆਉਦਾਂ ਹੈ ?

3. ਹੇਠ ਲਿਖੀਆ ਖਾਲੀ ਥਾਵਾਂ ਭਰੋ ਫ਼

(102) ਚਿਤੋੜ ਦੇ ਕਿਲ੍ਹੇ ਵਿੱਚ ਸਭ ਤੋਂ ਵਧ ਆਕਰਸ਼ਕ ਚੀਜ਼ .............. ਦਾ ਮਹਿਲ ਹੈ ।

(103) ਲਾਲ ਤੇ ...................... ਆਪਸ ਵਿਚ ਭਰਾ ਸਨ ।

(104) ਕਪੂਰ ਸਿੰਘ ਨੇ ਦਰਬਾਰੇ ਨੂੰ ਇਲਾਜ ਲਈ .................... ਰੁਪਏ ਦਿੱਤੇ ਸਨ ।

(105) ਗੱਡੀ ਅੰਮ੍ਰਿਤਸਰ ਤੋਂ ............................ ਲੁਧਿਆਣੇ ਵੱਲ ਜਾ ਰਹੀ ਸੀ ।

(106) ਸ਼ਿਕੰਜਵੀ ਦੇ ਪੈਸੇ ....................... ਨੇ ਦਿੱਤੇ ।

(107) ਚਿਤੋੜ ਦੇ ਕਿਲ੍ਹੇ ਵਿੱਚ ਸਭ ਤੋਂ ਵਧ ਆਕਰਸ਼ਕ ਚੀਜ਼ .............. ਦਾ ਮਹਿਲ ਹੈ ।

(108) ਗੰਗ ਨਹਿਰ ਦੇ ਨਿਰਮਾਣ ਤੇ ਪੂਰੇ .................... ਸਾਲ ਲੱਗੇ ਸਲ ।

(109) .................. ਦੀ ਦੌੜ ਪਿਛੋ ਮਿਲਖਾ ਸਿੰਘ ਉਦਾਸ ਹੋ ਗਿਆ ਸੀ ।

(110) 'ਰੰਗਾਦੀਨ' ਦੇ ਬਣਾਏ ਬੂਟ ........................... ਹੁੰਦੇ ਸਨ ।

(111) 'ਕੁਛ ਕਿਹਾ ਤਾਂ .............................................।

(112) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ........................... ਵਿਚੋ ਬੋਲ ।

(113) ਮਾਂ ਵਰਗਾ ਘਣ–ਛਾਂਵਾਂ ਬੂਟਾ, ਮੈਨੂੰ ਨਜ਼ਰ ....................... ।

(114) ਰੰਗਾਦੀਨ ਦਾ ਕੱਦ .......................................... ਸੀ ।

(115) ਰੋਮ ਦੀ ਇਤਿਹਾਸਿਕ ਦੌੜ ...................... ਮੀਟਰ ਦੀ ਸੀ ।

# ਭਾਗ – ਦੂਜਾ (1)

(ਖੰਡ – ਅ)

12–19 ਹੇਠ ਲਿਖੇ ਪ੍ਰਸ਼ਨਾ ਨੂੰ ਹਲ ਕਰੋ – 8x2=16

(1) ਫ਼ਰੀਦ ਜੀ ਨੇ ਸਾਨੂੰ ਬੁਰਾ ਸਲੂਕ ਕਰਨ ਵਾਲਿਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਨ ਦੀ ਸਿੱਖਿਆ ਦਿੱਤੀ ਹੈ ?

(2) ਗੁਰੂ ਜੀ ਅਨੁਸਾਰ ਮਨੁਖ ਕਿਸ ਨਸੇ ਵਿੱਚ ਆਪਣੀ ਹਸਤੀ ਭੁੱਲ ਗਿਆ ਹੈ ।

(3) ਕਵੀ ਰੁੱਖਾ ਵਿੱਚ ਕਿਸ–ਕਿਸ ਨੂੰ ਵੇਖਦਾ ਹੈ ?

(4) 'ਗੰਗਾਦੀਨ' ਕਿਹੜੀ ਗੱਲ ਵਿੱਚ ਵਿਸ਼ਵਾਸ ਰੱਖਦਾ ਸੀ ?

(5) ਮਹਾਰਾਜਾ ਗੰਗਾ ਸਿੰਘ ਕਿਹੋ ਜਿਹਾ ਰਾਜਾ ਸੀ ?

(6) ਸਾਂਝੀ ਕੰਧ ਦਾ ਝਗੜਾ ਕਿੰਨ੍ਹਾਂ ਵਿਚਕਾਰ ਸੀ ? ਤੇ ਕਿਉਂ ?

(7) ਦਿਆਲ ਦੇ ਕੰਮ ਕਿਹੋ ਜਿਹੇ ਸਨ ?

(8) ਮਿਲਖਾ ਸਿੰਘ ਦੀ ਸਰੀਰਕ ਰੂਪ ਰੇਖਾ ਕਿਹੋ ਜਿਹੀ ਹੈ ?

(ਖੰਡ – ੲ) 5x4=20

(9) 'ਗਗਨ ਮੈਂ ਖਾਲੁ' ਵਾਲੇ ਸਲੋਕ ਦਾ ਕੇਂਦਰੀ ਭਾਵ ਲਿਖੋ ।

ਜਾਂ

'ਉਲਟੇ ਹੋਰ ਜ਼ਮਾਨੇਂ ਆਏ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(10) ਮਿਲਖਾ ਸਿੰਘ ਏਸੀਆਂ ਦਾ ਬੈਸਟ ਐਥਲੀਟ ਕਿਵੇਂ ਤੇ ਕਦੋਂ ਬਣਿਆ ।

ਜਾਂ

ਗੋਲਮੇਂ ਸੰਮੇਲਨ ਵਿੱਚ ਮਹਾਰਾਜਾ ਗੰਗਾ ਸਿੰਘ ਦੀ ਕੀ ਭੂਮਿਕਾ ਰਹੀ ?

(11) ਪਹੁਤਾ ਪਾਂਧੀ ਕਹਾਣੀ ਦਾ ਸਾਰ ਲਿਖੋ ?

ਜਾਂ

'ਸਾਂਝੀ ਕੰਧ' ਕਹਾਣੀ ਦਾ ਸੰਖੇਪ ਸਾਰ ਲਿਖੋ ?

(12) ਰਣਥੰਭੋਰ ਕਿਲ੍ਹੇ ਉਪਰ ਟਿੱਪਣੀ ਕਰੋ ।

(13) ਦੁੱਧ ਦਾ ਛਪੜ ਕਹਾਣੀ ਦਾ ਸਾਰ ਆਪਣੇ ਸਬਦਾਂ ਵਿੱਚ ਲਿਖੋ ।

ਜਾਂ

'ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ' ਨਿਬੰਧ ਦਾ ਸਾਰ ਲਿਖੋ ?

## ਭਾਗ – ਦੂਜਾ (2)

(ਖੰਡ – ਅ)

ਹੇਠ ਲਿਖੇ ਪ੍ਰਸ਼ਨਾ ਨੂੰ ਹਲ ਕਰੋ – 8x2=16

(1) ਫ਼ਰੀਦ ਜੀ ਅਨੁਸਾਰ 'ਅਗਹੁ' ਤੇ ਪਿਛਾ ਤੋ ਕੀ ਭਾਵ ਹੇ ?

(2) ਦੁਰਜੋਧਨ ਕਿੰਨ੍ਹਾ ਦਾ ਖਾਤਮਾ ਕਰਨਾ ਚਾਹੁੰਦਾ ਸੀ ?

(3) ਕੋਈ ਵੀ ਗਾਹਕ ਗੰਗਾਦੀਨ ਦਾ ਬਿੱਲ ਕਿਉ ਨਹੀਂ ਸੀ ਰੋਕਦਾ ?

(4) ਮਿਲਖਾ ਸਿੰਘ ਨੂੰ 'ਫਲਾਇੰਗ ਸਿਖ' ਦਾ ਖਿਤਾਬ ਕਦੋਂ ਮਿਖਿਆ ?

(5) ਪਰਜਾ ਬਾਰੇ ਸਹੀ ਜਾਣਕਾਰੀ ਲੈਣ ਵਾਸਤੇ 'ਮਹਾਰਾਜਾ ਗੰਗਾ ਸਿੰਘ' ਨੇ ਕਿਸ ਦੀ ਸਥਾਪਨਾ ਕਰਵਾਈ ?

(6) ਰਾਜਸਥਾਨ ਦੇ ਪ੍ਰਸਿੱਧ ਪੰਜ ਕਿਲ੍ਹਿਆਂ ਦੇ ਨਾਂ ਦਸੋ ?

(7) ਲੇਖਕ ਤੇ ਉਸਦੀ ਭੈਣ ਨੂੰ ਖੇਤ ਰੋਟੀ ਲੈ ਕੇ ਜਾਂਦਿਆ ਨੂੰ ਡਰ ਕਿਓਂ ਲੱਗਦਾ ਸੀ ?

(8) ਕਪੂਰ ਸਿੰਘ ਸਾਂਝੀ ਦਾ ਨਿਆਂ ਕਰਨ ਲਈ ਕਿੰਨ੍ਹਾਂ ਕਿੰਨ੍ਹਾ ਕੋਲ ਗਿਆ ?

(ਖੰਡ – ੲ) 5x4=20

(9) ਗੰਗਾਦੀਨ ਨਿਬੰਧ ਦੀ ਵਿਸ਼ਾ ਵਸਤੂ ਲਿਖੋ ?

ਜਾਂ

ਮਹਾਰਾਜਾ ਗੰਗਾ ਸਿੰਘ ਦਾ ਸਾਰ ਲਿਖੋ ?

(10) ਮੇਜਰ ਸਾਹਿਰ ਦਾ ਬਰਿੱਤਰ ਚਿਤਰਨ ਕਰੋ ?

ਜਾਂ

ਰੁੱਖ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

(11) 'ਗਗਨ ਮੈ ਖਾਲੁ' ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ ?

ਜਾਂ

'ਇਕਨਾਂ ਦੇ ਘਰਿ ਪੁੱਤ' ਸ਼ਬਦ ਦਾ ਕੇਂਦਰੀ ਭਾਵ ਲਿਖੋ ?

(12) 'ਉਲਟੇ ਹੋਰ ਜਮਾਨੇ ਆਏ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

'ਬੋਲੀ ਹੈਪੰਜਾਬੀ ਸਾਡੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

## ਭਾਗ – ਦੂਜਾ (ੳ)

(ਖੰਡ – ਅ)

ਹੇਠ ਲਿਖੇ ਪ੍ਰਸ਼ਨਾ ਨੂੰ ਹਲ ਕਰੋ – 8x2=16

(1) ਮਿਲਖਾ ਸਿੰਘ ਏਸੀਆਂ ਦਾ ਬੈਸਟ ਐਥਲੀਟ ਕਿਵੇਂ ਤੇ ਕਦੋਂ ਬਣਿਆ ?

(2) ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਦਿਓ ?

(3) ਗੰਗਾਦੀਨ ਕੋਣ ਸੀ? ਤੇ ਕੀ ਕੰਮ ਕਰਦਾ ਸੀ ?

(4) ਸਾਂਝੀ ਕੇਧ ਬਣਾਉਣ ਦੀ ਲੋੜ ਕਿਓ ਪਈ ਤੇ ਕਿਸ ਨੂੰ ?

(5) ਲੇਖਕ ਤੇ ਓਸਦੀ ਭੈਣ ਨੂੰ ਜਰਨੈਲੀ ਸੜਕ ਭੈ–ਸਾਗਰ ਕਿਉ ਲੱਗਦੀ ਸੀ ?

(6) ਸਿਕੰਜਵੀ ਵਾਲਾ ਪੈਂਸਿਆ ਦੀ ਚਿੰਤਾਂ ਕਿਓਂ ਕਰ ਰਿਹਾ ਸੀ ?

(7) ਭਾਸਾ ਜਾਂ ਬੋਲੀ ਦੀ ਪਰਿਭਾਸਾ ਦਿਓ ?

(8) ਲਾਲ ਤੇ ਦਿਆਲ ਦਾ ਆਪਸ ਵਿਚ ਕੀ ਰਿਸਤਾ ਸੀ ? ਓਹਨਾਂ ਨੂੰ ਇੱਕਠੇ ਕੰਮ ਕਰਨ ਦੇ ਕੀ ਫਾਇਦੇ ਹਨ ?

(ਖੰਡ – ੲ) 5x4=20

(9) ਦੁੱਧ ਦਾ ਛੱਪੜ ਕਹਾਣੀ ਦਾ ਸਾਰ ਆਪਣੇ ਸਬਦਾਂ ਵਿੱਚ ਲਿਖੋ ?

ਜਾਂ

'ਬੁੱਲ੍ਹਾ ਕੀ ਜਾਣਾ ਮੈਂ ਕੌਣ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

(10) 'ਗਗਨ ਮੈਂ ਥਾਲ੍ਹ' ਸ਼ਬਦ ਦਾ ਵਿਸ਼ਾ–ਵਸਤੂ ਲਿਖੋ ?

ਜਾਂ

'ਹਾਲੀ ਦਾ ਗੀਤ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(11) ਪਹੁਤਾ ਪਾਂਧੀ ਕਹਾਣੀ ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ ?

ਜਾਂ

'ਬਸ ਕਰ ਜੀ ਹੁਣ ਬਸ ਕਰ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

(12) 'ਫਰੀਦਾ ਜੇ ਤੈਂ ਮਾਰਨਿ ਮੁਕੀਆਂ' ਸ਼ਬਦਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

ਮੀਆਂ ਵਜੀਦ ਦੇ ਕਿਹੜੇ ਸਲੋਕਾਂ ਵਿੱਚ ਹੰਕਾਰੀ ਮਨੁੱਖਾ ਦੀ ਦੁਰਦਸਾ ਦੇ ਇਤਿਹਾਸਿਕ ਹਵਾਲਿਆਂ ਦਾ ਵਰਨਣ ਕਰੋ ।

(12) ਮਨ ਤੂੰ ਜੋਤਿ ਸਰੁਪ ਹੈਂ ਸ਼ਬਦ ਦਾ ਕੇਂਦਰੀ ਭਾਵ ਲਿਖੋ ?

ਜਾਂ

ਸਿੰਮਲ ਰਖ ਸਰਾਇਰਾ' ਸ਼ਬਦਾ ਦਾ ਕੇਂਦਰੀ ਭਾਵ ਲਿਖੋ ?

# ਭਾਗ – ਦੂਜਾ (ੳ)

(ਖੰਡ– ਅ)

ਹੇਠ ਲਿਖੇ ਪ੍ਰਸ਼ਨਾ ਨੂੰ ਹਲ ਕਰੋ – 8x2=16

(1) ਗੰਗਾਦੀਨ ਦੇ ਸੁਭਾਅ ਉਪੱਰ ਟਿਪਣੀ ਕਰੋ ?

(2) ਮਿਲਖਾ ਸਿੰਘ ਨੂੰ ਕਿਹੜੇ–ਕਿਹੜੇ ਨਾਂ ਨਾਲ ਓਪਮਾ ਦਿੱਤੀ ਜਾਂਦੀ ਹੈ ?

(3) ਮਹਾਰਾਜਾ ਗੰਗਾ ਸਿੰਘ ਕਿਹੋ ਜਿਹਾ ਰਾਜਾ ਸੀ ?

(4) ਰਾਜਸਥਾਨ ਦਾ ਸਭ ਤੋਂ ਮਹਤਵਪੂਰਨ ਕਿਲ੍ਹਾ ਕਿਹੜਾ ਹੈ, ਤੇ ਇਸਕੀ ਕੀ ਵਿਸ਼ੇਸਤਾ ਹੈ ?

(5) ਮੇਜਰ ਸਾਹਿਬ ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕਿਵੇਂ ਬਣੇ ?

(6) 'ਸਾਂਝੀ ਕੰਧ' ਬਣਾਉਣ ਦੀ ਲੋੜ ਕਿਸ ਨੂੰ ਤੇ ਕਿਓਂ ਪਈ ?

(7) ਪੰਜਾਬੀ ਧੁਨੀਆਂ ਕਿੰਨੇ ਪ੍ਰਕਾਰ ਦੀਆ ਹਨ ?

(8) 'ਬੁਲਾ ਕੀ ਜਾਣਾ ਮੈਂ ਕੌਣ' ਕਾਫੀ ਕੀ ਸੁਨੇਹਾ ਦਿੰਦੀ ਹੈ ?

(ਖੰਡ – ੲ) 5x4=20

(9) ਪਹੁਤਾ ਪਾਂਧੀ ਕਹਾਣੀ ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ ?

ਜਾਂ

ਕਪੂਰ ਸਿੰਘ ਦਾ ਪਾਤਰ ਜਾਂ ਚਿਤਰਨ ਬਾਰੇ ਦਸੋ ?

(10) ਲਾਲ ਤੇ ਦਿਆਲ ਦੇ ਪਾਤਰਾ ਦਾ ਚਰੀਤਰ ਚਿੱਤਰਣ ਕਰੋ ?

ਜਾਂ

ਗੰਗਾਦੀਨ ਨਿਬੰਧ ਦਾ ਸਾਰ ਲਿਖੋ ?

(11) 'ਸਲੋਕ' ਸੇਖ ਫਰੀਦ ਜੀ ਦੀ ਰਚਨਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

'ਖੁਰਾਮਾਨ ਖਸਮਾਨਾ ਕੀਆ' ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ ?

(12) ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ ਨਿਬੰਧ ਦਾ ਸਾਰ ਲਿਖੋ ?

ਜਾਂ

ਮਹਾਰਾਜਾ ਗੰਗਾ ਸਿੰਘ ਦੇ ਜੀਵਨ ਉਪੱਰ ਟਿਪਣੀ ਲਿਖੋ ?

(12)ਫਲਾਇੰਗ ਸਿੱਖ ਮਿਲਖਾ ਸਿੰਘ ਨਿਬੰਧ ਦਾ ਸਾਰ ਲਿਖੋ ?

ਜਾਂ

ਮੇਜਰ ਸਾਹਿਬ ਦਾ ਪਾਤਰ ਚਿਤਰਣ ਕਰੋ ?

(ਖੰਡ – ਸ)

## Section - D

24 ਹੇਠ ਲਿਖੇ ਕਾਵਿ–ਬੰਦਾਂ ਵਿਚੋਂ ਪ੍ਰਸੰਗ ਸਹਿਤ ਵਿਆਖਿਆ ਕਰੋ –

(ੳ) ਮੂਰਖ ਨੂੰ ਅਸਵਾਰੀ, ਹਾਥੀ ਘੋੜਿਆਂ ।
ਪੰਡਿਤ ਪੈਰ ਪਿਆਦੇ, ਪਾਟੇ ਜੋੜਿਆਂ ।
ਕਰਦੇ ਸੁਘੜ ਮਜੂਰੀ, ਮੂਰਖ (ਦੇ) ਜਾਇ ਘਰਿ ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਅੰਇ ਕਰ ।

(ਅ) ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਮਦ ਹੱਵਾ ਜਾਇਆ ।
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿੱਚ ਬੈਠਣ ਨਾ ਵਿੱਚ ਭੌਣ ।
ਬੁੱਲ੍ਹਾ ਕੀ ਜਾਣਾ ਮੈਂ ਕੌਣ ।

(ੲ) ਅੱਜ ਆਖਾਂ ਵਾਰਿਸ਼ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਦੀਆਂ ਰੋਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦਮੰਦਾਂ ਦਿਆਂ ਦਰਦੀਆ ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ ।

(ਸ) ਮੇਰੀ ਵਾਰੀ ਪੱਤਿਆਂ ਦੀ,
ਪੰਡ ਸਿੱਲ੍ਹੀ ਹੋ ਗਈ,
ਮਿੱਟੀ ਦੀ ਕੜਾਹੀ ਤੇਰੀ,
ਕਾਹਨੂੰ ਪਿੱਲੀ ਹੋ ਗਈ ।
ਤੇਰੇ ਸੇਕ ਨੂੰ ਕੀਹ ਵੱਜਿਆ ਦੁਹਾੜਾ,
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ !
ਤੈਨੂੰ ਦਿੰਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ !

(ਹ) ਕਿੱਥੋਂ ਦਿਆ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ ।
ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ
ਕਿਨ੍ਹਾਂ ਹੈ ਮਹਾਨ ਦੇਸ ਓਦੋਂ ਪਤਾ ਲਗਿਆ ।
ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ ।

(ਕ) ਪੱਕ ਪਈਆਂ ਕਣਕਾ, ਲੁਕਾਠ ਰਸਿਆ,
ਬੂਰਾ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ ।
ਪੁੰਗਰੀਆਂ ਵੱਲਾਂ ਵੇਲਾਂ ਰੁਖੀਂ ਚੜ੍ਹੀਆਂ,
ਫਲਾਂ ਹੇਠੋਂ ਫਲਾਂ ਨੇ ਪਰੋਈਆ ਲੜੀਆਂ ।

ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪ੍ਰੇਮੀਏ, ਵਿਸਾਖੀ ਚੱਲੀਏ ।

(ਖ) ਮਾਂ ਵਰਗਾ ਘਣ–ਛਾਂਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋ ਛਾਂ ਉਧਾਰੀ, ਰਬ ਨੇ ਸੁਰਗ ਬਣਾਏ ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁਕ ਜਾਏ ।

(ਗ) ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ ।
ਏਹੋ ਜਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ ।
ਹੱਥੋ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ ।
ਤ੍ਰਿੰਝਣਾਂ ਭੰਡਾਰਾਂ ਵਿੱਚ, ਵੰਝਲੀ ਤੇ ਵਾਰਾਂ ਵਿੱਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ ।

(ਘ) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

(ਙ) ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸ਼ਬਦ ਵਾਜੰਤ ਭੇਰੀ ॥੧॥ ਰਹਾਉ ॥

25 ਹੇਠ ਲਿਖੇ ਕਿਸੇ ਇਕ ਪੈਰ੍ਹੇ ਨਾਲ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਲਿਖੋਂ –

(ੳ) ਸਮਾਂ ਇੱਕ ਮਹਾਨ ਖ਼ਜਾਨਾ ਹੈ । ਅਮਰੀਕਾਂ, ਜਪਾਨ ਵਿੱਚ ਮੀਂਹ ਹੋਵੇ, ਠੰਢ ਹੋਵੇਂ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ । ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ, ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ–ਪੰਜ ਹੁੰਦੀਆਂ ਹਨ । ਸਾਡੇ ਦੇਸ਼ ਵਿੱਚ ਕਿੰਨੀਆ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾਂ ਬੇ–ਦਿਲਾ ਕੰਮ ਤੇ ਫੇਰ ਸਵੇਰ–ਸ਼ਾਮ ਮੰਦਰਾਂ, ਗੁਰਦੁਆਰਿਆਂ ਵਿੱਚ ਭੀੜਾਂ, ਸਾਧੂਆਂ ਦੀ ਨਿਤ ਫੇਰੀ, ਮਰਨੇ, ਜੰਮਨੇ ਤੇ ਵਿਆਹ, ਕਿਸੇ ਹੋਰ ਦੇਸ਼ ਵਿੱਚ ਇਨ੍ਹਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ । ਲਾਊਡ ਸਪੀਕਰਾਂ ਉੱਤੇ ਦਿਨ–ਰਾਤ ਧਰਮ ਨਹੀਂ, ਵਹਿਮ–ਭਰਮ ਪ੍ਰਚਾਰੇ ਜਾਂਦੇ ਹਨ । ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਬਰਫ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਰਹੇ ਹਨ । ਬਾਰਾਂ ਵਜੇ ਤੱਕਮ ਡਟ ਕੇ ਕੰਮ ਕੀਤਾ ਜਾਂਦਾ ਹੈ । ਇੱਕ ਘੰਟਾ ਵਿਚਕਾਰ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਹੁੰਦੀ ਹੈ । ਇਹੀ ਕਾਰਨ ਹੈ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁੱਣਾ ਵਧੇਰੇ ਹੁੰਦੀ ਹੈ ।

ਪ੍ਰਸ਼ਨ :–

1. ਅਮਰੀਕਾ ਤੇ ਜਪਾਨ ਵਿੱਚ ਕਿੰਨੇ ਘੰਟੇ ਕੰਮ ਕਰਦੇ ਹਨ ?
2. ਵਿਦੇਸ਼ਾ ਵਿੱਚ ਸਾਲ ਵਿੱਚ ਕਿੰਨੀਆਂ ਛੁੱਟੀਆਂ ਹੁੰਦੀਆਂ ਹਨ ?
3. ਉਪਰੋਕਤ ਪੈਰ੍ਹੇ ਵਿੱਚ ਆਪਣੇ ਦੇਸ਼ ਬਾਰੇ ਕੀ ਕਿਹਾ ਗਿਆ ਹੈ ?
4. ਲਕੀਰੇ ਸ਼ਬਦਾਂ ਦੇ ਅਰਥ ਲਿਖੋਂ ।
5. ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋਂ ।

(ਅ) ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਵਿਰਾਸਤ ਵਿਚੋਂ ਮਿਲੀ ਹੈ । ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਸੀ । ਪ੍ਰੇਦਸੀ ਪਾੜਵੀਆਂ ਦੀ ਈਨ ਮੰਨਣੋਂ ਇਨਕਾਰੀ ਪੰਜਾਬੀਆਂ ਦੀ ਅਣਖ ਰੋਹ ਵਿੱਚ ਆ ਕੇ ਰਣ ਭੂਮੀ ਵਿੱਚ ਬੀਰਤਾ ਦੇ ਹੱਥ ਵਿਖਆਉਂਦੀ ਰਹੀ ਹੈ । ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੀਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਧ ਬੇਅੰਤ ਵਾਰ ਤੇਗਾ ਵਾਹੁਣੀਆਂ ਪਈਆਂ ਹਨ । 'ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾ' ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ । ਪੰਜਾਬੀ ਲੋਕ ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਬੀਰ–ਪਰੰਪਰਾ ਨੂੰ ਸਾਂਭੀ ਤੁਰੇ ਆ ਰਹੇ ਹਨ । ਇਨ੍ਹਾਂ ਵਿੱਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਨੀਲੈ

ਘੋੜਿਆਂ 'ਤੇ ਅਸਵਾਰ, ਰਾਜੇ ਦੀ ਨੌਕਰੀ ਜਾ ਦੇਸ਼ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾਂ ਤੇ ਸੱਜ ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇ ਕੇ ਜਾਂਦੇ ਨਜ਼ਰ ਆਉਂਦੇ ਹਨ ।

ਪ੍ਰਸ਼ਨ :–

1. ਪੰਜਾਬੀਆਂ ਨੂੰ ਬੀਰਤਾ ਦੀ ਰੁਚੀ ਕਿਥੋਂ ਮਿਲੀ ਹੈ ?
2. 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਅਖਾਣ ਪੰਜਾਬੀਆਂ 'ਤੇ ਕਿਸ ਤਰ੍ਹਾਂ ਢੁੱਕਵਾਂ ਹੈ ?
3. ਪੈਰ੍ਹੇ ਅਨੁਸਾਰ ਕਿਹੋ ਜਿਹੋ ਵਿਸ਼ੇ ਵਾਲੇ ਪੰਜਾਬੀ ਲੋਕ–ਗੀਤਾਂ ਦਾ ਜ਼ਿਕਰ ਕੀਤਾ ਗਿਆ ਹੈ ?
4. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ ।

   ਧਾਵਾ, ਧਾੜਵੀਆਂ, ਲੋਹਾ ਲੈਣਾ, ਈਨ ਮੰਨਣੀ ।
5. ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋਂ ।

(ੲ) ਪੰਜਾਬੀ ਭਾਸ਼ਾ ਲਈ ਭਾਰਤੀ ਪੰਜਾਬ ਵਿੱਚ ਗੁਰਮੁਖੀ ਲਿਖੀ ਵਰਤੀ ਜਾਂਦੀ ਹੈ ਅਤੇ ਇਹ ਸਰਕਾਰ, ਸਿੱਖਿਆ, ਗ੍ਰੰਥਾਂ ਅਤੇ ਭਾਰਤੀ ਪੰਜਾਬ ਦੇ ਆਮ ਲੋਕਾਂ ਦੀ ਲਿਪੀ ਹੈ । ਪਾਕਿਸਤਾਨੀ ਪੰਜਾਬੀਆਂ ਦੀ ਲਿਪੀ ਸ਼ਾਹਮੁਖੀ ਹੈ । ਪੰਜਾਬ ਤੋਂ ਬਾਹਰ ਪੜ੍ਹੇ ਕੁਝ ਲੋਕ ਪੰਜਾਬੀ ਨੂੰ ਲਿਖਣ ਲਈ ਦੇਵਨਾਗਰੀ ਦੀ ਵਰਤੋਂ ਵੀਕ ਰਰਦੇ ਹਨ । ਅੰਗਰੇਜੀ ਸਕੂਲਾਂ ਵਿੱਚ ਪੜ੍ਹੇ ਕੰਪਿਊਟਰ ਜਾਣਦੇ, ਖ਼ਾਸ ਕਰਕੇ ਜਿਨ੍ਹਾਂ ਨੇ ਪਹਿਲਾਂ ਅੰਗਰੇਜ਼ੀ ਟਾਈਪ ਕਰਨੀ ਸਿੱਖੀ ਹੈ ਅਤੇ ਕਾਫ਼ੀ ਵਿਦੇਸ਼ ਵਸਦੇ ਸੱਜਣ ਅਕਸਰ ਰੋਮਨ ਅੱਖਰਾ ਵਿੱਚ ਪੰਜਾਬੀ ਲਿਖਦੇ ਹਨ । ਸੋਸ਼ਲ ਮੀਡੀਆ (ਫੇਸ ਬੁੱਕ, ਟਵੀਟੱਰ ਅਤੇ ਵਾਟਸ ਐਂਪ) ਉੱਪਰ ਵੀ ਕਈ ਲੋਕ ਰੋਮਨ ਲਿਪੀ ਵਰਤ ਲੈਂਦੇ ਹਨ । ਲਿਪੀਆ ਦੀ ਘੜਮੱਸ ਪੰਜਾਬੀ ਭਾਸ਼ਾ ਨੂੰ ਵਿਕਾਸ ਵਿੱਚ ਰੋਕ ਹੈ । ਭਾਰਤੀ ਪੰਜਾਬ ਦੀ ਬਹੁਗਿਣਤੀ ਨੇ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਸਿੱਖੀ ਹੋਈ ਹੈ । ਲੋਕਤੰਤਰੀ ਪੱਖ ਤੋਂ ਗੁਰਮੁਖੀ ਲਿਪੀ ਹੀ ਵਰਤਣੀ ਜਾਇਜ਼ ਹੈ । ਸਰਕਾਰੀ ਕੰਮਕਾਜ ਅਤੇ ਸਿੱਖਿਆ ਦੇ ਮਾਧਿਅਮ ਲਈ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿਪੀ ਹੀ ਪਰਵਾਨਤ ਲਿਖੀ ਹੈ ।

ਪ੍ਰਸ਼ਨ :–

1. ਗੁਰਮੁਖੀ ਲਿਪੀ ਦੀ ਵਰਤੋ ਕਿਸ ਭਾਸ਼ਾ ਲਈ ਕੀਤੀ ਜਾਂਦੀ ਹੈ ?
2. ਪਾਕਿਸਤਾਨੀ ਪੰਜਾਬੀਆਂ ਦੀ ਲਿਪੀ ਕਿਹੜੀ ਹੈ ?
3. ਪੰਜਾਬ ਤੋਂ ਬਾਹਰ ਪੜ੍ਹੇ ਲੋਕ ਪੰਜਾਬੀ ਨੂੰ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਕਰਦੇ ਹਨ ?
4. ਪੰਜਾਬੀ ਭਾਸ਼ਾ ਦੇ ਡਿਜੀਟਲ ਵਿਕਾਸ ਵਿੱਚ ਕਿਸ ਚੀਜ ਦੀ ਰੋਕ ਹੈ ?
5. ਸਰਕਾਰੀ ਕੰਮਕਾਜ ਲਈ ਕਿਹੜੀ ਲਿਪੀ ਪਰਵਾਨਤ ਹੈ ?

(ਸ) ਗੁਰੂ ਅਰਜਨ ਦੇਵ ਜੀ ਨੂੰ ਇਤਿਹਾਸ–ਲੇਖਕਾਂ ਨੇ ਰਾਸ਼ਟਰ ਦੀ ਉਸਾਰੀ ਕਰਨ ਵਾਲੇ ਗੁਰੂ ਮੰਨਿਆ ਹੈ । ਉਨ੍ਹਾਂ ਨੇ ਪਹਿਲਾਂ ਅੰਮ੍ਰਿਤਸਰ ਦੇ ਸਰੋਵਰ ਨੂੰ ਪੱਕਾ ਕੀਤਾ । ਉਸ ਦੇ ਵਿੱਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ । ਹਰਿਮੰਦਰ ਸਾਹਿਬ ਦੀ ਨੀਂਹ ਉਨ੍ਹਾਂ ਨੇ ਆਪ ਰੱਖਣ ਦੀ ਥਾਂ ਲਾਹੌਰ ਦੇ ਪ੍ਰਸਿੱਧ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਦੇ ਹੱਥੀ ਸੰਨ 1588 ਵਿੱਚ ਰਖਵਾਈ । ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਰੱਖੇ । ਇਸ ਦੇ ਕਈ ਭਾਵ ਹਨ : ਹਰਿਮੰਦਰ ਸਭ ਦਾ ਸਾਂਝਾ ਹੈ । ਤੁਹਾਨੂੰ ਪਤਾ ਹੋਵੇਗਾ, ਭਾਰਤ ਵਿੱਚ ਮੁਸਲਮਾਨ ਪੱਛਮ ਵੱਲ ਮੂੰਹ ਕਰਕੇ ਨਮਾਜ਼ ਪੜ੍ਹਦੇ ਹਨ । ਹਿੰਦੂਆ ਦੇ ਮੰਦਰਾਂ ਦਾ ਦਰ ਪੂਰਬ ਵੱਲ ਹੁੰਦਾ ਹੈ । ਇਉਂ ਚਾਰ ਦਰਵਾਜ਼ੇ ਸਭ ਪਾਸਿਆਂ ਨੂੰ ਪਵਿੱਤਰ ਮੰਨਣ ਅਤੇ ਚਹੁੰ ਵਰਨਾਂ ਵਿਚੋਂ ਹਰ ਇੱਕ ਲਈ ਖੁੱਲ੍ਹੇ ਹੋਣ ਦਾ ਚਿੰਨ੍ਹ ਹੈ । ਇੱਥੇ ਹਰ ਵੇਲੇ, ਹਰ ਕੋਈ ਆ ਸਕਦਾ ਹੈ ਉਹ ਭਾਵੇਂ ਮੁਸਲਮਾਨ, ਹਿੰਦੂ, ਈਸਾਈ, ਬੋਧੀ, ਜੈਨੀ ਜਾ ਸਿੱਖ ਕੋਈ ਵੀ ਹੋਵੇ ।

ਪ੍ਰਸ਼ਨ :–

1. ਇਤਿਹਾਸ ਕਾਰਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਕੀ ਮੰਨਿਆ ਹੈ ?
2. ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ਸੀ ?
3. ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਕਿਸ ਗੱਲ ਦਾ ਸੂਚਕ ਹਨ ?
4. ਹਰਿਮੰਦਰ ਸਾਹਿਬ ਕੋਣ ਆ ਸਕਦਾ ਹੈ ?
5. ਪੈਂਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ?

(ਹ) ਪ੍ਰਦੂਸ਼ਣ ਤੋਂ ਭਾਵ ਚੌਗਿਰਦੇ ਦਾ ਗੰਧਲਾ ਹੋ ਰਿਹਾ ਵਾਤਾਵਰਨ ਹੈ । ਕਾਰਖ਼ਾਨਿਆ, ਫੈਕਟਰੀਆਂ ਆਦਿ ਦੀਆਂ ਚਿਮਨੀਆਂ ਵਿਚੋਂ ਨਿਕਲ ਰਿਹਾ ਧੂੰਆਂ, ਜ਼ਹਿਰੀਲਾ ਪਾਣੀ, ਜਹਾਜ਼ਾਂ, ਮਸ਼ੀਨਰੀਆਂ ਅਤੇ ਹੋਰ ਕਈ ਥਾਵਾਂ ਤੋਂ ਨਿਕਲ ਰਹੀਆਂ ਸ਼ੋਰ–ਸ਼ਰਾਬੇ ਦੀਆਂ ਅਵਾਜ਼ਾਂ ਆਦਿ ਸਭ ਪ੍ਰਦੂਸ਼ਣ ਫੈਲਾ ਰਹੀਆਂ ਹਨ । ਇਸ ਸਭ ਕੁਝ ਦਾ ਜ਼ਿੰਮੇਵਾਰ ਮਨੁੱਖ ਖ਼ੁਦ ਹੀ ਹੈ । ਉਸ ਨੇ ਆਪਣੇ ਸੱਮੁਚੇ ਵਾਤਾਵਰਨ ਨੂੰ ਗੰਧਲਾ ਤੇ ਜ਼ਹਿਰੀਲਾ ਕੀਤਾ ਹੈ, ਜਿਸ ਦੀ ਸਜਾ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ । ਇਸੇ ਕਾਰਨ ਮਨੁੱਖ ਬੜੀਆਂ ਘਾਤਕ ਤੇ ਜਾਨ–ਲੇਵਾ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ । ਕਾਰਬਨ ਮੋਨੋਆਕਸਾਈਡ ਗੈਸ ਤਾਂ ਮਨੁੱਖ ਦੇ ਸ਼ਰੀਰ ਨੂੰ ਬਿਲਕੁਲ ਹੀ ਮੌਤ ਦੇ ਕਗਾਰ 'ਤੇ ਖੜ੍ਹਾ ਕਰ ਰਹੀ ਹੈ । ਬੇ–ਤਹਾਸ਼ਾ, ਜੰਗਲ ਕੱਟੇ ਜਾ ਰਹੇ ਹਨ ਜੋ ਵਾਤਾਵਰਨ ਨੂੰ ਸਾਫ਼–ਸੁਥਰਾ ਰੱਖਣ ਵਿੱਚ ਬੜੇ ਸਹਾਈ ਹਨ ਅਤੇ ਕਾਰਬਨ ਡਾਈਆਕਸਾਈਡ ਵਰਗੀਆਂ ਮਾਰੂ ਗੈਸ਼ਾਂ ਦਾ ਨਿਵਾਰਨ ਕਰਦੀਆਂ ਹਨ ।

ਪ੍ਰਸ਼ਨ :–

1. ਪ੍ਰਦੂਸ਼ਣ ਤੋਂ ਕੀ ਭਾਵ ਹੈ ?ਇਸ ਦਾ ਜ਼ਿੰਮੇਵਾਰ ਕੌਣ ਹੈ ?
2. ਪ੍ਰਦੂਸ਼ਣ ਤੇ ਕਿਹੜੀਆਂ ਤੇ ਕਿਹੋ ਜਿਹੀਆਂ ਗੈਸਾਂ ਨਿਕਲਦੀਆਂ ਹਨ ?
3. ਜੰਗਲਾਂ ਦਾ ਹੀ ਮਹੱਤਵ ਹੈ?
4. ਅਰਥ ਦੱਸੋ :– ਚੌਗਿਰਦਾ, ਗੰਧਲਾ, ਘਾਤਕ, ਜਾਨ–ਲੇਵਾ
5. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ?

(ਕ) ਫ਼ਿਲਮ 'ਚੱਕ ਦੇ ਇੰਡੀਆ' ਨੇ ਭਾਰਤੀ ਲੋਕਾਂ ਦੇ ਕੌਮੀ ਜਜ਼ਬੇ ਨੂੰ ਜਿੰਦਾਂ ਉਭਾਰਿਆਂ, ਉਹਦਾ 'ਹਾਂ–ਪੱਖੀ' ਨਤੀਜਾ ਨਿਕਲਿਆ । ਫ਼ਿਲਮ ਦੇ ਪ੍ਰਦਸ਼ਨ ਪਿੱਛੋਂ ਭਾਰਤੀ ਹਾਕੀ ਟੀਮ ਨੇ ਬੜੀ ਸ਼ਾਨ ਨਾਲ ਏਸ਼ੀਆਂ ਹਾਕੀ ਕੱਪ ਜਿੱਤਿਆਂ । ਏਸ਼ੀਆਂ ਕੱਪ ਸਮੇਂ ਚੱਕ ਦੇ ਇੰਡੀਆ ਦੇ ਗੀਤਾ ਦੀਆਂ ਟੇਪਾਂ ਵੱਜਦੀਆਂ ਰਹੀਆਂ ਤੇ ਹੱਲਾ–ਸ਼ੇਰੀ ਗੂੰਜਦੀ ਰਹੀ । ਹਾਕੀ ਕੱਪ ਦੀ ਜਿੱਤ ਦੇ ਕੁਝ ਦਿਨਾਂ ਪਿੱਤੋਂ ਹੀ ਭਾਰਤੀ ਟੀਮ ਨੇ ਵੀਹ ਓਵਰਾਂ ਵਾਲਾ ਵਰਲਡ ਕ੍ਰਿਕਟ ਕੱਪ ਜਿੱਤ ਲਿਆ । ਸ਼ਤਰੰਜ ਦੀ ਖੇਡ ਵਿੱਚ ਵੀ ਭਾਰਤ ਨੇ ਵਿਸ਼ਵ ਚੈਂਪੀਅਨਸ਼ਿਪ ਜਿੱਤੀ ਤੇ ਫੁੱਟਬਾਲ ਦੀ ਖੇਡ ਵਿੱਚ ਭਾਰਤ ਦੇ ਜੂਨੀਅਰ ਖਿਡਾਰੀਆਂ ਨੇ ਬੜੀ ਹੋਣਹਾਰੀ ਵਿਖਾਈ । ਕਿਸੇ ਵੀ ਖੇਡ ਦੀ ਜਿੱਤ–ਹਾਰ ਵਿੱਚ ਖਿਡਾਰੀਆਂ ਦੇ ਮਨੋਬਲ ਦਾ ਬੜਾ ਰੋਲ ਹੁੰਦਾ ਹੈ ਜਿਹੜਾ ਫ਼ਿਲਮ 'ਚੱਕ ਦੇ ਇੰਡੀਆਂ' ਨੇ ਮਾਣ ਵਧਾਇਆ ।

ਪ੍ਰਸ਼ਨ :–

1. ਕਿਹੜੀ ਫ਼ਿਲਮ ਦੇ ਪ੍ਰਦਰਸ਼ਨ ਪਿੱਛੋਂ ਭਾਰਤ ਦੀ ਕਿਹੜੀ ਟੀਮ ਨੇ ਕਿਹੜਾ ਕੱਪ ਜਿੱਤਿਆ ?
2. ਹਾਕੀ ਕੱਪ ਜਿਤਨ ਪਿੱਛੋਂ ਭਾਰਤੀ ਟੀਮ ਨੇ ਹੋਰ ਕਿਹੜਾ ਮੈਚ ਜਿੱਤਿਆ ?
3. ਭਾਰਤ ਨੇ ਵਿਸ਼ਵ ਚੈਪੀਅਨਸ਼ਿਪ ਕਿਹੜੇ ਮੈਚ ਰਾਹੀਂ ਜਿੱਤੀ ?
4. ਭਾਰਤੀਆਂ ਦਾ ਮਨੋਬਲ ਵਿਸ਼ੇਸ਼ ਤੌਰ 'ਤੇ ਕਿਵੇਂ ਵਧਿਆ ?
5. ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ?

(ਖ) ਜਿਸ ਸ਼ਰੀਰ ਨੇ ਕਦੇ ਖੇਚਲ, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ । ਜਿਸ ਬਿਰਛ ਨੂੰ ਨਾ ਫੁੱਲ ਹੈ, ਨਾ ਫ਼ਲ ਹੈ, ਨਾ ਉਸ ਦੀ ਠੰਢੀ ਛਾਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ । ਮਨੁੱਖੀ ਸ਼ਰੀਰ ਕਾਰ ਲਈ ਬਣਿਆ ਹੈ । ਕਾਰ ਨਾ ਕਰਨਾ ਸ਼ਰੀਰ ਦੇ ਗੁਣਾ ਨੂੰ ਵਿਅਰਥ ਗੁਆਉਣਾ ਹੈ । ਕੌਣ ਮੁਕਰ ਸਕਦਾ ਹੈ ਏਸ ਗਲੋਂ ਕਿ ਜਿਹੜਾ ਸ਼ਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ ਕਰਦੇ ਅਰੋਗ ਨਹੀਂ ਰਹਿ ਸਕਦਾ । ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ, ਪਰ ਫੇਰ ਸ਼ਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ– ਕਸਰਤ ਜੋ ਕਿ ਵਿਹਲਾ ਕੰਮ ਹੈ, ਇਕ ਤਰ੍ਹਾਂ ਦਾ ਮਾਮੀਸਣਾਪਣ ਹੈ, ਜੋਰ ਤੇ ਸਮਾਂ ਜਿਸ ਨਾਲ ਕੁਝ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਦੀ ਸੁਆਰਥ ਲਈ । ਸ਼ਰੀਰ ਜੋ ਕਾਰ ਨਹੀਂ ਕਰ ਸਕਦਾ ਕੁਦਰਤੋਂ ਤੋਂ ਉਕੱਾ ਵਿਰੁੱਧ ਹੈ, ਕਿਉਂਕਿ ਕਾਰ ਹੀ ਸ਼ਰੀਰ ਦੇ ਸਾਰੇ ਅੰਗਾਂ ਨੂੰ ਚੰਗੀ ਤਰ੍ਹਾਂ ਕੁਦਰਤੀ ਹਿੱਲਜੁੱਲ ਵਿੱਚ ਪਾ ਕੇ ਅਰੋਗ, ਸੁੰਦਰ ਤੇ ਸੁਡੌਲ ਰੱਖ ਸਕਦਾ ਹੈ ।

ਪ੍ਰਸ਼ਨ :–

1. ਕਿਹੜੇ ਸ਼ਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੋ ਸਕਦੀ?
2. ਸ਼ਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗੁਆਇਆਂ ਜਾਂਦਾ ਹੈ ?
3. ਮੁਸ਼ੱਕਤ ਨਾ ਕਰਨ ਵਾਲੇ ਸ਼ਰੀਰ ਤੇ ਕੀ ਪ੍ਰਭਾਵ ਪੈਂਦਾ ਹੈ ?
4. ਲੇਖਕ ਨੇ ਕਸਰਤ ਨੂੰ ਵਿਹਲਾ ਕੰਮ ਕਿਉਂ ਕਿਹਾ ਹੈ ?
5. ਸ਼ਰੀਰ ਦੇ ਸਾਰੇ ਅੰਗ ਅਰੋਗ, ਸੁੰਦਰ ਤੇ ਸੁਡੌਲ ਕਿਵੇਂ ਰੱਖੇ ਜਾ ਸਕਦੇ ਹਨ ?

(ਗ) ਸ਼ਾਮ ਦੀ ਸੈਰ ਵੀ ਕਿੰਨੀ ਗੁਣਕਾਰੀ ਅਤੇ ਸੁਹਾਵਣੀ ਹੁੰਦੀ ਹੈ । ਸਾਰੇ ਦਿਨ ਦਾ ਮਿਹਨਤ ਨਾਲ ਤਨ, ਮਨ ਦੇ ਮੈਲੇ ਹੋਏ ਕੱਪੜੇ ਸ਼ਾਮ ਦੀ ਸੈਰ ਦੇ ਸਰਫ਼ ਨਾਲ ਤੁਰੰਤ ਸਾਫ਼ ਹੋ ਜਾਂਦੇ ਹਨ, ਦਿਮਾਗ ਉੱਜਲ ਹੋ ਜਾਂਦਾ ਹੈ, ਬੁੱਧੀ ਨਿਰਮਲ ਹੋ ਜਾਂਦੀ ਹੈ, ਇਉਂ ਜਾਪਦਾ ਹੈ, ਇਹ ਸੈਰ ਨਹੀਂ, ਤੁਰਦੀ–ਫਿਰਦੀ ਟਕਸਾਲ ਹੈ, ਜਿਸ ਵਿੱਚ ਪੈ ਕੇ ਸੁਰਤੀ, ਮਨ, ਮੱਤ ਤੇ ਬੁੱਧੀ ਘੜੇ ਜਾਂਦੇ ਹਨ ਤੇ ਟਕਸਾਲ ਬਣ ਜਾਂਦੇ ਹਨ । ਇਹ ਖ਼ਰੇ ਸਿੱਕੇ ਵਾਂਗ ਹਰ ਥਾਂ ਚਲ ਸਕਦੇ ਹਨ, ਸ਼ਾਮ ਦੀ ਸੈਰ ਤੁਹਾਨੂੰ ਹਲਕਾ – ਫੁਲਕਾ ਕਰ ਦਿੰਦੀ ਹੈ, ਦਿਨ ਦੀ ਥਕਾਨ ਲਾਹੁੰਦੀ ਹੈ ਤੇ ਪੈਣ ਵਾਲੀ ਰਾਤ ਲਈ ਸੁਖਾਸਨ ਤਿਆਰ ਕਰਦੀ ਹੈ । ਤੁਸੀਂ ਤਰੋ – ਤਾਜ਼ਾ ਹੋ ਕੇ ਫੇਰ ਕੰਮ ਵਿੱਚ ਜੁੱਟ ਸਕਦੇ ਹੋ । ਰੱਜ ਕੇ ਭੋਜਨ ਛਕ ਸਕਦੇ ਹੋ । ਮਿੱਠੀ ਨੀਂਦ ਸੌਂ ਸਕਦੇ ਹੋ, ਲਾਲਚੀ ਡਾਕਟਰਾ ਤੋਂ ਆਪਣੇ ਆਪ ਨੂੰ ਬਚਾ ਸਕਦੇ ਹੋ ।

ਪ੍ਰਸ਼ਨ :–

1. ਪੈਰ੍ਹੇ ਦਾ ਢੁੱਕਵਾ ਸਿਰਲੇਖ ਲਿਖੋਂ ?
2. ਸ਼ਾਮ ਦੀ ਸੈਰ ਦੇ ਕੀ ਗੁਣ ਹਨ ?
3. ਸ਼ਾਮ ਦੀ ਸੈਰ ਨੂੰ ਟਕਸਾਲ ਕਿਉਂ ਕਿਹਾ ਗਿਆ ਹੈ ?
4. ਸ਼ਾਮ ਦੀ ਸ਼ੈਰ ਸ਼ਰੀਰ ਦੀ ਅਰੋਗਤਾ ਲਈ ਕਿਵੇਂ ਸਹਾਈ ਹੁੰਦੀ ਹੈ ?

(ਖੰਡ – ਸ)

ਪ੍ਰਸ਼ਨ ਸੰਖਿਆ – 20

(1) ਰੁੱਖ ਕਵਿਤਾ ਦਾ ਕੇਂਦਰੀ ਭਾਵ ਲਿਖੋ ?

ਜਾਂ

'ਬੋਲੀ ਹੈਪੰਜਾਬੀ ਸਾਡੀ' ਕਾਵਿ–ਰਚਨਾ ਕੀ ਸੁਨੇਹਾ ਦਿੰਦੀ ਹੈ ?

(2) 'ਜਿਤੁ ਦਿਹਾੜੈ ਧਨ ਵਰੀ' ਸ਼ਬਦ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿਚ ਲਿਖੋ ?

ਜਾਂ

'ਸੁਖੀ ਜਿਉਣ ਦੀ ਕੁੰਜੀ' ਕਵਿਤਾ ਵਿਚ ਆਏ ਵਿਚਾਰਾਂ ਨੂੰ ਸਪਸ਼ਟ ਕਰਕੇ ਲਿਖੋ ?

(3) ਫਰੀਦ ਜੀ ਅਨੁਸਾਰ ਸੱਜਣ–ਪ੍ਰਭੂ ਨਾਲ ਨੇਹੁੰ ਕਿਵੇਂ ਬਣਿਆ ਰਹਿ ਸਕਦਾ ਹੈ ?

ਜਾਂ

ਮਾਂ ਕਵਿਤਾ ਦਾ ਕੇਂਦਰੀ ਭਾਵ ਲਿਖੋ ?

(4) 'ਸਿੰਮਲ ਰੁੱਖ ਸਰਾਇਰਾ' ਸ਼ਬਦ ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ ?

ਜਾਂ

ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ?ਅਤੇ ਉਸਨੂੰ ਕੀ ਕਰਨ ਲਈ ਕਹਿੰਦੀ ਹੈ ?

(5) 'ਹਾਲੀ ਦਾ ਗੀਤ' ਕਵਿਤਾ ਦਾ ਕੇਂਦਰੀ ਭਾਵ ਲਿਖੋ ?

ਜਾਂ

'ਸਿੰਮਲ ਰੁੱਖ ਸਰਾਇਰਾ' ਸ਼ਬਦ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

(6) 'ਜੇ ਸਕਤਾ ਸਕਤੇ ਕਉ ਮਾਰੇ ਤਾਂ ਸਾਨੂੰ ਰੋਸ ਦਾ ਹੋਈ' ਤੁਕ ਤੋਂ ਕੀ ਭਾਵ ਹੈ ?

ਜਾਂ

'ਚਾਨਣ ਦੀ ਫੁਲਕਾਰੀ' ਕਾਵਿ ਰਚਨਾ ਦਾ ਕੇਂਦਰੀ ਭਾਵ ਸਪਸ਼ੱਟ ਕਰੋ ?

(7) ਫਰੀਦ ਜੀ ਰੱਬ ਦਾ ਵਾਸ ਕਿੱਥੇ ਦੱਸਦੇ ਹਨ ? ਅਤੇ ਮਨੁੱਖ ਨੂੰ ਕਿਸ ਗਲੋਂ ਵਰਜਦੇ ਹਨ ?

ਜਾਂ

ਰੁੱਖ ਕਵਿਤਾ ਵਿਚ ਕਵੀ ਨੇ ਕਿਹੜੇ–ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ? ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ?

(8) ਫਰੀਦ ਜੀ ਦੇ ਸਲੋਕ ਪੜ੍ਹ ਕੇ ਕਿਹੜੇ–ਕਿਹੜੇ ਸਦਾਚਾਰਕ ਹੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ ?

ਜਾਂ

'ਸੁੰਨੇ–ਸੁੰਨੇ ਰਾਹਾਂ ਵਿੱਚ' ਕਵਿਤਾ ਦਾ ਕੇਂਦਰੀ ਭਾਵ ਲਿਖੋ ?

(9) 'ਮੂਰਖ ਨੋ ਅਸਵਾਰੀ' ਸ਼ਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ ?

ਜਾਂ

'ਜਿੱਥੇ ਮੇਰੇ ਹਾਣੀਆਂ ਦਾ ਟੁਰ ਗਿਆ ਪੂਰ ਨੀਂ ਤੁਕ ਤੋਂ ਕੀ ਭਾਵ ਹੈ ?

(10) 'ਬੁਲਾ ਕੀ ਜਾਣਾ ਮੈਂ ਕੌਣ' ਕਾਫੀ ਕੀ ਸੁਨੇਹਾ ਦਿੰਦੀ ਹੈ ?

ਜਾਂ

ਕਵੀ ਵਿਦੇਸ਼ਾ ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖਾਂ ਦਾ ਜ਼ਿਕਰ ਕਰਦਾ ਹੈ ?

(ਖੰਡ – ਸ)

ਪ੍ਰਸ਼ਨ ਸੰਖਿਆ – 21

(1) 'ਦੁੱਧ ਦਾ ਛੱਪੜ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

ਮੇਜਰ ਸਾਹਿਬ ਦਾ ਪਾਤਰ–ਚਿਤਰਨ ਕਰੋ ?

(2) ਸਾਂਝੀ ਕੰਧ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

'ਦੁੱਧ ਦਾ ਛੱਪੜ' ਕਹਾਣੀ ਦਾ ਵਿਸ਼ਾ ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ ?

(3) 'ਪਹੁਤਾ ਪਾਂਧੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ?

ਜਾਂ

ਦਿਆਲ ਦਾ ਪਾਤਰ ਚਰਿਤਰ ਚਿਤਰਨ ਕਰੋ ।

(4) ਕਪੂਰ ਸਿੰਘ ਦਾ ਪਾਤਰ ਚਿਤਰਨ ਕਰੋ ?

ਜਾਂ

'ਪਹੁਤਾ ਪਾਂਧੀ' ਕਹਾਣੀ ਦਾ ਵਿਸ਼ਾ–ਵਸਤੂ ਆਪਣੇ ਸ਼ਬਦਾਂ ਲਿਖੋ ?

(5) ਦਰਬਾਰਾ ਸਿੰਘ ਦਾ ਪਾਤਰ ਚਿਤਰਨ ਕਰੋ ?

ਜਾਂ

ਲਾਲ ਦਾ ਪਾਤਰ ਚਿਤਰਨ ਕਰੋ ?

(6) ਸਰਪੰਚ ਧੰਮਾ ਸਿੰਘ ਦਾ ਪਾਤਰ ਚਿਤਰਨ ਕਰੋ ?

ਜਾਂ

'ਪਹੁਤਾ ਪਾਂਧੀ' ਕਹਾਣੀ ਦਾ ਉਦੇਸ਼ ਕੀ ਹੈ ?

(7) ਸਾਂਝੀ ਕੰਧ ਬਣਾਉਣ ਸਮੇਂ ਪੰਚਾਇਤ ਨੇ ਕਿਵੇਂ ਝਗੜਾ ਮੁਕਾਇਆ ਸੀ ?

ਜਾਂ

ਮੇਜਰ ਸਾਹਿਬ ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕਿਵੇਂ ਬਣਿਆ ?

(8) ਮੇਜਰ ਸਾਹਿਬ ਫਸਟ ਕਲਾਸ ਦਾ ਡੱਬਾ ਛੱਡ ਕੇ ਖਰਡ ਕਲਾਸ ਦੇ ਡੱਬੇ ਵਿੱਚ ਕਿਉਂ ਆ ਗਏ ?

ਜਾਂ

'ਸਾਂਝੀ ਕੰਧ' ਕਹਾਣੀ ਕਿਸ ਪੇਂਡੂ ਸਮੱਸਿਆ ਵੱਲ ਸੰਕੇਤ ਕਰਦੀ ਹੈ ?

(9) ਪਹਿਲਾਂ ਹੀ ਝੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੂੰ ਕੀ ਫੁਰਨਾ ਫੁਰਿਆ ?

ਜਾਂ

ਸਾਂਝੀ ਕੰਧ ਬਣਾਉਣ ਸਮੇਂ ਪੰਚਾਇਤ ਨੇ ਝਗੜਾ ਕਿਵੇਂ ਮੁਕਾਇਆ ਸੀ ?

(10) ਲਾਲ ਆਪਣੀ ਵਹੁਟੀ ਵਲੋਂ ਦਿਆਲ ਪ੍ਰਤੀ ਮਿਲੇ ਉਲ੍ਹਾਮੇ ਦਾ ਜਵਾਬ ਕਿਵੇਂ ਦਿੰਦਾ ਸੀ ?

ਜਾਂ

ਗੱਡੀ ਵਿੱਚ ਚੜੇ ਹੋਏ ਭਾਰੇ ਸੱਜਣ ਨੂੰ ਸੀਟ ਕਿਵੇਂ ਮਿਲੀ ?

(ਖੰਡ – ਸ)

ਪ੍ਰਸ਼ਨ ਸੰਖਿਆ – 22

(1) ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ–ਕੀ ਵਿਸ਼ੇਸਤਾਵਾਂ ਹਨ ?

ਜਾਂ

ਗੋਲਮੇਜ਼ ਸੰਮੇਲਨ ਵਿੱਚ ਮਹਾਰਾਜਾ ਗੰਗਾ ਸਿੰਘ ਦੀ ਕੀ ਭੂਮਿਕਾ ਰਹੀ ?

(2) ਗੰਗਾਦੀਨ ਦੇ ਸੁਭਾਅ ਉੱਪਰ ਟਿੱਪਣੀ ਕਰੋ ?

ਜਾਂ

ਮਿਲਖਾ ਸਿੰਘ ਦਾ ਪਰਿਵਾਰਿਕ ਪਿਛੋਕੜ ਕੀ ਸੀ ਤੇ ਸੰਨ 1947 ਦੀ ਵੰਡ ਸਮੇਂ ਉਸਦੇ ਪਰਿਵਾਰ ਤੇ ਕੀ ਬੀਤਦੀ ਹੈ ?

(3) ਲੇਖਕ ਦੀਆਂ ਅੱਖਾਂ ਵਿੱਚ ਅੱਥਰੂ ਕਿਉਂ ਆ ਜਾਂਦੇ ਹਨ ? ਗੰਗਾਦੀਨ ਨਿਬੰਧ ਦੇ ਆਧਾਰ ਤੇ ਬਿਆਨ ਕਰੋ ।

ਜਾਂ

ਮਹਾਰਾਜਾ ਗੰਗਾ ਸਿੰਘ ਦੀ ਪਰਜਾ ਬਾਰੇ ਕੀ ਨੀਤੀ ਸੀ ? ਵਰਨਣ ਕਰੋ ।

(4) ਮਿਲਖਾ ਸਿੰਘ ਏਸ਼ੀਆ ਦਾ ਬੈਸਟ ਐਥਲੀਟ ਕਿਵੇਂ ਤੇ ਕਦੋਂ ਬਣਿਆ ?

ਜਾਂ

ਗੰਗ ਨਹਿਰ ਉੱਪਰ ਟਿਪਣੀ ਕਰੋ ?

(5) ''ਇਸ ਗਲਤੀ ਦਾ ਸਦਮਾ ਉਮਰ ਭਰ ਰਹੇਗਾ ।'' ਇਹ ਸ਼ਬਦ ਕਿਸ ਪ੍ਰਸੰਗ ਵਿੱਚ ਕਹੇ ਗਏ ਸਨ ? (ਫਲਾਇੰਗ ਸਿੰਘ ਮਿਲਖਾ ਸਿੰਘ)

ਜਾਂ

ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦੇ ਨਾਂ ਲਿਖੋ ?

(6) ਮਹਾਰਾਜਾ ਗੰਗਾ ਸਿੰਘ ਦੇ ਰਾਜ ਦੇ ਸਮੇਂ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ?

ਜਾਂ

ਗੰਗਾਦੀਨ ਨਿਬੰਧ ਦਾ ਸਾਰ ਸੰਖੇਪ ਵਿੱਚ ਲਿਖੋ ।

(7) ਰਾਜਸਥਾਨ ਦੇ ਕਿਲ੍ਹਿਆ ਦੀਆਂ ਕੀ–ਕੀ ਵਿਸ਼ੇਸ਼ਤਾਵਾਂ ਹਨ ?

ਜਾਂ

ਮਹਾਰਾਜਾ ਗੰਗਾ ਸਿੰਘ ਨਿਬੰਧ ਦਾ ਵਿਸ਼ਾ ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ ?

(8) ਰਾਜਸਥਾਨ ਦਾ ਸਭ ਤੋਂ ਮਹੱਤਵਪੂਰਨ ਕਿਲ੍ਹਾ ਕਿਹੜਾ ਹੈ ?ਅਤੇ ਇਸਦੀ ਕੀ ਵਿਸ਼ੇਸ਼ਤਾ ਹੈ ?

ਜਾਂ

ਗੰਗਾਦੀਨ ਦੇ ਸੁਭਾਅ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ ?

(9) ਗਾਗਰੋਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਕਾਰਣ ਲਿਖੋ ?

ਜਾਂ

'ਫਲਾਇੰਗ ਸਿੱਖ ਮਿਲਖਾ ਸਿੰਘ' ਨਿਬੰਧ ਦਾ ਸਾਰ ਲਿਖੋ ?

(10) ਰਣਥੰਬੋਰ ਕਿਲ੍ਹੇ ਉੱਪਰ ਟਿੱਪਣੀ ਕਰੋ ?

ਜਾਂ

'ਲਾਗੀਆਂ ਲਾਗ ਲੈਲੈਣਾ ਦੇ ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ' ਗੰਗਾਦੀਨ ਨਿਬੰਧ ਵਿੱਚ ਇਹ ਅਖੋਤ ਕਿਸ ਸੰਦਰਭ ਵਿੱਚ ਵਰਤੀ ਗਈ ਹੈ ? ਸਪਸ਼ੱਟ ਕਰੋ ।

(ਖੰਡ – ਸ)

ਪ੍ਰਸ਼ਨ ਸੰਖਿਆ – 23

(1) ਭਾਸ਼ਾ ਕਿਸਨੂੰ ਕਹਿੰਦੇ ਹਨ ? ਸਾਡੇ ਸੰਵਿਧਾਨ ਚ ਕਿੰਨੀਆ ਭਾਸ਼ਾਵਾਂ ਪ੍ਰਵਾਣਿਤ ਹਨ ?

ਜਾਂ

ਉਪਭਾਸ਼ਾ ਬਾਰੇ ਚਰਚਾ ਕਰਦਿਆਂ, ਪੰਜਾਬੀ ਦੀਆਂ ਉਪਭਾਸ਼ਾਵਾਂ ਬਾਰੇ ਸੰਖੇਪ ਜਾਣਕਾਰੀ ਦਿਉ ?

(2) ਧੁਨੀ ਕਿਸਨੂੰ ਕਹਿੰਦੇ ਹਨ ? ਪੰਜਾਬੀ ਭਾਸ਼ਾ ਦੀਆਂ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ ?

ਜਾਂ

ਭਾਸ਼ਾ ਦੀ ਪਰਿਭਾਸ਼ਾ ਲਿਖੋ ? ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪਸ਼ੱਟ ਕਰੋ ?

(3) ਪੰਜਾਬੀ ਵਿੱਚ ਵਿਅੰਜਨ – ਧੁਨੀਆਂ ਕਿਹੜੀਆਂ ਹਨ ?

ਜਾਂ

ਲਿਪੀ ਕੀ ਹੁੰਦੀ ਹੈ ?ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁੱਕਵੀਂ ਹੈ ?

(4) ਪੰਜਾਬੀ ਵਿੱਚ ਸ੍ਵਰ–ਧੁਨੀਆਂ ਕਿਹੜੀਆਂ – ਕਿਹੜੀਆਂ ਹਨ ?

ਜਾਂ

ਬਿੰਦੀ ਕਿਹੜੀ ਫ਼ ਕਿਹੜੀ ਲਗ ਨਾਲ ਲਗਦੀ ਹੈ ?ਉਦਾਹਰਨ ਸਹਿਤ ਲਿਖੋ ?

(5) ਧੁਨੀ ਕਿਸਨੂੰ ਕਹਿੰਦੇ ਹਨ ? ਪੰਜਾਬੀ ਦੇ ਨਾਸਕੀ ਵਿਅੰਜਨ ਕਿਹੜੇ – ਕਿਹੜੇ ਹਨ ?

ਜਾਂ

ਦੁੱਤ ਅੱਖਰ ਕਿਸਨੂੰ ਕਹਿੰਦੇ ਹਨ ? ਓਦਾਹਰਨ ਸਹਿਤ ਲਿਖੋ ?

(6) ਪੰਜਾਬੀ ਵਿੱਚ ਲਗਾਖਰ ਚਿੰਨ੍ਹਾ ਬਾਰੇ ਓਦਾਹਰਨ ਸਹਿਤ ਲਿਖੋ ?

ਜਾਂ

ਗੁਰਮੁਖੀ ਲਿਪੀ ਅਤੇ ਵਰਨਮਾਲਾ ਵਿੱਚ ਕੀ ਅੰਤਰ ਹੈ ?

(7) ਭਾਸ਼ਾ ਦੀ ਪਰਿਭਾਸ਼ਾ ਲਿਖੇ ਹੋਏ, ਮਾਝੀ ਓਪਭਾਸ਼ਾ ਕਿਨ੍ਹਾਂ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ ?ਲਿਖੋ ।

ਜਾਂ

ਪੰਜਾਬੀ ਭਾਸ਼ਾ ਦੀਆਂ ਧੁਨੀਆਂ ਨੂੰ ਕਿੰਨ੍ਹੇ ਵਰਗਾਂ ਵਿੱਚ ਵੰਡਿਆ ਜਾਂਦਾ ਹੈ ?ਓਦਾਹਰਨ ਸਹਿਤ ਲਿਖੋ ?

(8) ਪੰਜਾਬੀ ਦੀਆਂ ਦੁਆਬੀ ਅਤੇ ਪੁਆਧੀ ਉਪਭਾਸ਼ਾਵਾਂ ਕਿਹੜੇ–ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ ?

ਜਾਂ

ਭਾਸ਼ਾ ਕਿਸਨੂੰ ਕਹਿੰਦੇ ਹਨ ? ਭਾਸ਼ਾ ਅਤੇ ਓਪਭਾਸ਼ਾ ਵਿਚਕਾਰ ਅੰਤਰ ਸੱਪਸ਼ਟ ਕਰੋ ?

(9) ਰਾਵੀਂ ਅਤੇ ਬਿਆਸ ਦਰਿਆਵਾਂ ਵਿਚਕਾਰ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?

ਜਾਂ

ਪੰਜਾਬੀ ਦੀਆਂ ਵਿਅੰਜਨ ਧੁਨੀਆਂ ਬਾਰੇ ਦੱਸਦੇ ਹੋਏ ਨਾਸਕੀ ਵਿਅਜੰਨ ਕਿਹੜੇ–ਕਿਹੜੇ ਹਨ ਦੱਸੋ ?

(10) ਧੁਨੀ ਦੀ ਪਰਿਭਾਸ਼ਾ ਦਿੰਦੇ ਹੋਏ, ਪੰਜਾਬੀ ਭਾਸ਼ਾ ਦੀਆਂ ਧੁਨੀਆਂ ਬਾਰੇ ਚਰਚਾ ਕਰੋ ?

ਜਾਂ

ਲਿਪੀ ਦੀ ਪਰਿਭਾਸ਼ਾ ਲਿਖੋ ਅਤੇ ਪੰਜਾਬੀ ਭਾਸ਼ਾ ਲਈ ਕਿਹੜੀ ਲਿਪੀ ਢੁੱਕਵੀਂ ਹੈ ? ਦੱਸੋ ?

(ਖੰਡ – ਹ)

ਪ੍ਰਸ਼ਨ ਸੰਖਿਆ – 26

(1) ਹੇਠ ਲਿਖਿਆ ਕਵਿਤਾਵਾਂ ਵਿਚੋਂ ਕਿਸੇ ਇੱਕ ਦਾ ਸਾਰ ਲਿਖੋ – 6

(ੳ) ਗਗਨ ਮੈ ਥਾਲੁ (ਆਰਤੀ)

(ਅ) ਬੋਲੀ ਹੈ ਪੰਜਾਬੀ ਸਾਡੀ

(ੲ) ਗਊਆ ਦੇਂਦਾ ਘਾਹ

(2)

(ੳ) ਗੁਰੂ ਨਾਨਕ ਨੂੰ

(ਅ) ਅੱਜ ਆਖਾਂ ਵਾਰਿਸ ਸ਼ਾਹ ਨੂੰ

(ੲ) ਸੁੰਨੇ ਸੁੰਨੇ ਰਾਹਾਂ ਵਿਚ

(3)

(ੳ) ਖੁਰਾਸਾਨ ਖਸਮਾਨਾ ਦੀਆ

(ਅ) ਵਿਸਾਖੀ ਦਾ ਮੇਲਾ

(ੲ) ਕੁਛ ਕਿਹਾ ਤਾਂ

(4)

(ੳ) ਹਾਲੀ ਦਾ ਗੀਤ

(ਅ) ਚਾਨਣ ਦੀ ਫੁਲਕਾਰੀ

(ੲ) ਇਹਨਾ ਦੇ ਘਰਿ ਪੁੱਤ

(5)

(ੳ) ਰਾਵਣ ਵੱਡਾ ਹੰਕਾਰੀ

(ਅ) ਮਾਂ ਕਵਿਤਾ ਦੇ ਕਵੀ ਬਾਰੇ ਲਿਖੋ

(ੲ) ਤਮਗੇ ਕਵਿਤਾ ਦਾ ਸਾਰ

(6)

(ੳ) ਫ਼ਰੀਦ ਜੀ ਦੇ ਸਲੋਕ ਤੋਂ ਸਿੱਖਿਆ

(ਅ) ਤੇਨੂੰ ਦਿਆ ਹੰਝੂਆਂ ਦਾ ਭਾੜਾ

(ੲ) ਸਿੰਮਲ ਰੁਖੁ ਸਰਾਇਰਾ

(7)

(ੳ) ਉਲਟੇ ਹੋਰ ਜਮਾਨੇ ਆਏ

(ਅ) ਮੂਰਖ ਨੋ ਅਸਵਾਰੀ

(ੲ) ਨਵੀ ਬਹਾਰ ਕਵਿਤਾ ਦਾ ਸਾਰ

(8)

(ੳ) ਪੜ ਕਰਿ ਪੰਡਿਤ

(ਅ) ਆਉ ਸਇਓ ਰਲ ਦਿਉ ਨੀ ਵਧਾਈ

(ੲ) ਰੁੱਖ ਕਵਿਤਾ ਦਾ ਸਾਰ

(9)

(ੳ) ਫਰੀਦ ਜੀ ਦੇ ਸਲੋਕ ਸੱਜਨ – ਪ੍ਰਭੂ ਨਾਲ ਨੇਹੂੰ

(ਅ) ਬਸ ਕਰ ਜੀ ਹੁਣ ਬਸ ਕਰ ਜੀ

(ੲ) ਇਕਨਾ ਮਹਲ – ਉਸਾਰੇ

(10)

(ੳ) ਸੁੱਖੀ ਜੀਵਨ ਦੀ ਕੁੰਜੀ

(ਅ) ਮਾਂ ਕਵਿਤਾ ਦਾ ਸਾਰ

(ੲ) ਬੁੱਲ੍ਹਾਂ ਕੀ ਜਾਨਾ ਮੈਂ ਕੌਣ

(ਖੰਡ – ਹ)

ਪ੍ਰਸ਼ਨ ਸੰਖਿਆ – 27

(1) ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਤੋਂ ਮੈਚ ਖੇਡਨ ਲਇ ਇਜਾਜਤ ਪੱਤਰ?

ਜਾਂ

ਸਹੇਲੀ ਨੂੰ ਪ੍ਰੀਖਿਆ ਵਿੱਚ ਪਾਸ ਹੋਨ ਤੇ ਵਧਾਈ ਪੱਤਰ ?

ਜਾਂ

ਪ੍ਰੀਖਿਆ ਵਿਚ ਪਹਿਲੇ ਨੰਬਰ ਤੇ ਆਏ ਮਿੱਤਰ ਨੂੰ ਵਧਾਈ ਪੱਤਰ ਲਿਖੋ ?

(2) ਆਪਣੇ ਸਕੂਨ ਦੇ ਪ੍ਰਿੰਸੀਪਲ ਸਾਹਿਬ ਨੂੰ ਜੁਰਮਾਨਾ ਮੁਆਫ਼ੀ ਲਇ ਬਿਨੈ–ਪੱਤਰ ਲਿਖੋਂ

ਜਾਂ

ਆਪਣੀ ਪੜ੍ਹਾਈ ਅਤੇ ਆਪਨੇ ਹੋਸਟਲ ਦੇ ਜੀਵਨ ਬਾਰੇ ਆਪਣੇ ਮਿਤੱਰ ਨੂੰ ਪੱਤਰ ਲਿਖੋ ?

ਜਾਂ

ਪਿਤਾ ਜੀ ਨੂੰ ਘਰ ਦਾ ਹਾਲ ਲਿਖਦੇ ਹੋਏ ਪੱਤਰ ਲਿਖੋ ?

(3) ਆਪਨੇ ਸਕੂਨ ਦੇ ਮੁੱਖ ਅਧਿਆਪਕ ਨੂੰ ਲਾਇਬਰੇਰੀ ਵਿੱ ਹੋਰ ਪੁਸਤਿਕਾ ਮੰਗਵਾਉਣ ਲਇ ਪੱਤਰ ਲਿਖੋ ?

ਜਾਂ

ਮਿੱਤਰ ਨੂੰ ਪੱਤਰ ਲਿਖੋ ਅਤੇ ਦਸੋ ਕਿ ਤੁਸੀ ਗਰਮੀ ਦੀਆ ਛੁੱਟੀਆਂ ਕਿਵੇ ਬਿਤਾਈਆ ?

ਜਾਂ

ਮਾਤਾ ਜੀ ਨੂੰ ਸਕੂਨ ਵਿਚ ਬਨੇ ਨਵੇ ਮਿੱਤਰ ਬਾਰੇ ਪੱਤਰ ਲਿਖੋ ?

(4) ਆਪਣੇ ਇਲਾਕੇ ਦੇ ਡੀ.ਸੀ. ਸਾਹਿਬ ਨੂੰ ਪੱਤਰ ਲਿਖੋ ਦਸੋਂ ਕਿ ਇਲਾਕੇ ਵਿੱਚ ਲਗੇ ਲਾਉਡ ਸਪੀਕਰਾਂ ਕਾਰਨ ਤੁਹਾਡੀ ਅਤੇ ਹੋਰ ਵਿਦਿਆਰਥੀਆ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ?

ਜਾਂ

ਜਨਮ ਦਿਨ ਤੇ ਘੜੀ ਭੇਜਨ ਲਈ ਚਾਚਾ ਜੀ ਨੂੰ ਧੰਨਵਾਦ ਪੱਤਰ ?

ਜਾਂ

ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ?

(5) ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਫੀਸ ਮੁਆਫ਼ੀ ਲਇ ਬਿਨੈ ਪੱਤਰ ਲਿਖੋ ?

ਜਾਂ

ਤੁਹਾਡਾ ਛੋਟਾ ਭਰਾ ਟੈਲੀਵਿਜਨ ਬਹੁਤ ਦੇਖਦਾ ਹੈ ਉਸਨੀ ਇਕ ਚਿੱਠੀ ਰਾਹੀ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਉ ।

ਜਾਂ

ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦਸੋਂ ਕਿ ਤੁਹਾਡੇ ਇਮਤਿਹਾਨ ਕਿਸ ਤਰ੍ਹਾਂ ਦੇ ਹੋਏ ਹਨ ?

(6) ਤੁਹਾਡੇ ਸਕੂਨ ਵਿੱਚ ਖੇਡਾ ਦਾ ਸਮਾਨ ਬਹੁਤ ਥੋੜ੍ਹਾ ਹੈ । ਸਮਾਨ ਮੰਗ ਵਾਉਣ ਲਇ ਆਪਣੇ ਸਕੂਲ ਦੇ ਮੁਖੀ ਨੂੰ ਬਿਨੈ ਪੱਤਰ ਲਿਖੋ ?

ਜਾਂ

ਆਪਨੇ ਮਿੱਤਰ ਨੂੰ ਰਾਤ ਦੇ ਖਾਨੇ ਤੇ ਬੁਲਾਉਣ ਲਈ ਪੱਤਰ ਲਿਖੋ ?

ਜਾਂ

ਪਿੰਡ ਦੇ ਸਰਪੰਚ ਨੂੰ ਮੂਹਲੇ ਦੀ ਸਫਾਈ ਅਤੇ ਗੰਦੇ ਪਾਨੀ ਦੇ ਨਿਕਾਸ ਪ੍ਰਬੰਧ ਨੂੰ ਸੁਧਾਰਨ ਲਇ ਪੱਤਰ ਲਿਖੋ ?

(7) ਸਕੂਨ ਦੇ ਮੁੱਖ ਅਧਿਆਪਕ ਨੂੰ ਮਜਬੂਰੀ ਦਸਦੇ ਹੋਏ ਸਕੂਨ ਛੱਡਣ ਦਾ ਪ੍ਰਮਾਨ ਪੱਤਰ (ਟੀ.ਸੀ.) ਲੈਣ ਲਈ ਬਿਨੇ ਪੱਤਰ ਲਿਖੋ?

ਜਾਂ

ਸਮੇ ਦੇ ਮਹੱਤਵ ਨੂੰ ਦੱਸਦੇ ਹੋਏ ਭਰਾ ਨੂੰ ਸਮੇਂ ਦੇ ਸਦਉਪਯੋਗ ਬਾਰੇ ਪੱਤਰ ਲਿਖੋ ?

ਜਾਂ

ਪੰਚਾਇਤ ਘਰ ਵਿੱਚ ਲਾਇਬ੍ਰੇਰੀ ਖੁਲਵਾਉਣ ਲਇ ਸਰਪੰਚ ਨੂੰ ਬੇਨਤੀ ਪੱਤਰਰ ਲਿਖੋ ?

(8) ਪ੍ਰਕਾਸ਼ਕ ਨੂੰ ਕਿਤਾਬਾ ਮੰਗਵਾਉਣ ਲਇ ਬਿਨੈ ਪੱਤਰ ਲਿਖੋ ?

ਜਾਂ

ਤੁਹਾਡਾ ਛੋਟਾ ਭਰਾ ਭੇੜੀ ਸੰਗਤ ਵਿੱਚ ਪੈ ਗਿਆ ਹੈ ?ਉਸ ਨੂੰ ਸੁਚੇਤ ਕਰਦੇ ਹੋਏ ਬੁਰੀ ਸੰਗਤ ਤੋਂ ਬਚਨ ਲਇ ਪ੍ਰੇਰਿਤ ਕਰਦੇ ਹੋਏ ਪੱਤਰ ਲਿਖੋ ?

ਜਾਂ

ਪ੍ਰੀਖਿਆ ਵਿਚ ਫੇਲ ਹੋਏ ਮਿੱਤਰ ਨੂੰ ਹੋਸਲਾਂ ਦਿੰਦੇ ਹੋਏ ਹਮਦਰਦੀ ਭਰਾ ਪੱਤਰ ਲਿਖੋ ?

(9) ਪ੍ਰਕਾਸ਼ਕ ਨੂੰ ਕਿਤਾਬਾ ਮੰਗਵਾਉਣ ਲਇ ਬਿਨੈ ਪੱਤਰ ਲਿਖੋ ?

ਜਾਂ

ਛੋਟੇ ਭੈਨ/ਭਰਾ ਨੂੰ ਸਵੇਰ ਦੀ ਸੈਰ ਦੀ ਮਹੱਤਤਾ ਦਸਦੇ ਹੋਏ ਪੱਤਰ ਲਿਖੋ ?

ਜਾਂ

ਦਸਵੀ ਉਪਰੋਕਤ ਤੁਸੀ ਕੀ ਕਰਨਾ ਚਾਹੁੰਦੇ ਹੈ ? ਆਪਣੇ ਪਿਤਾ ਨੂੰ ਚਿਠੀ ਰਾਹਿ ਦਸੋ ?

(10) ਆਪਣੇ ਸਭ ਤੋਂ ਮਨ ਪਸੰਦ ਅਧਿਆਪਕ ਨੂੰ ਆਪਣੇ ਘਰ ਦੀ ਸਥਿਤੀ ਆਪਨੇ ਮਾਪਿਆ ਦੀ ਇੱਛਾ ਅਤੇ ਆਪਨੀ ਰੁਚੀ ਦਸਦੇ ਹੋਏ ਸਲਾਹ ਲਵੈਂ ਕਿ ਤੁਹਾਨੂੰ ਦਸਵੀਂ ਪਾਸ ਕਰਨ ਤੋ ਬਾਅਦ ਕੀ ਕਰਨਾ ਚਾਹੀਦਾ ਹੈ ?

ਜਾਂ

ਆਪਨੀ ਸਹੇਲੀ ਨੂੰ ਭਰਾ ਦੇ ਵਿਆਹ ਤੇ ਆਉਨ ਲਇ ਚਿਠੀ ਲਿਖੈ ਕਿਉਹ ਵਿਆਹ ਤੋ ਕੁਝ ਦਿਨ ਪਹਿਲਾਂ ਆਵੇ ਤੇ ਤਿਆਰੀ ਵਿੱਚ ਹੱਥ ਵਟਾਵੇ ?

ਜਾਂ

ਆਪਣੇ ਸਕੂਲ ਵਿੱਚ ਮਨਾਏ ਗਏ ਸਲਾਨਾ ਸਮਾਗਮ ਬਾਰੇ ਆਪਨੇ ਚਾਚਾ ਜੀ ਨੂੰ ਖੋਲ ਕੇ ਦਸੋ ?

## (ਖੰਡ – ਹ)

### ਪ੍ਰਸ਼ਨ ਸੰਖਿਆ – 28

(1) ਹੇਠ ਦਿੱਤੇ ਵਿਸ਼ਿਆਂ ਵਿੱਚੋ ਕਿਸੇ ਇਕ ਉੱਪਰ ਨਿਬੰਧ ਲਿਖੋ – 6

(ੳ) ਸ੍ਰੀ ਗੁਰੂ ਨਾਨਕ ਦੇਵ ਜੀ
(ਅ) ਅਖਬਾਰਾ ਦੇ ਲਾਭ–ਹਾਨੀਆਂ
(ੲ) ਦਾਜ ਦੀ ਸਮੱਸਿਆ

(2)

(ੳ) ਗੁਰੂ ਗੋਬਿੰਦ ਸਿੰਘ ਜੀ
(ਅ) ਵਿਦਿਆਰਥੀ ਅਨੁਸ਼ਾਸਨ
(ੲ) ਵਧਦੀ ਅਬਾਦੀ ਦੀ ਸਮੱਸਿਆ

(3)

(ੳ) ਮੇਰਾ ਮਨ–ਭਾਉਂਦਾ ਅਧਿਆਪਕ
(ਅ) ਵਿਸਾਖੀ ਦਾ ਮੇਲਾ
(ੲ) ਇਸਤਰੀ ਸਿੱਖਿਆ

(4)

(ੳ) ਬੇਰਜੁਗਾਰੀ
(ਅ) ਵਿਦਿਆਰਥੀ ਅਤੇ ਖੇਡਾਂ
(ੲ) ਸ੍ਰੀ ਗੁਰੂ ਅਰਜਨ ਦੇਵ ਜੀ

(5)

(ੳ) ਸ੍ਰੀ ਗੁਰੂ ਨਾਨਕ ਦੇਵ ਜੀ
(ਅ) ਭ੍ਰਿਸ਼ਟਾਚਾਰ
(ੲ) ਸਮੇਂ ਦਾ ਸਦ–ਉਪਯੋਗ

(6)

(ੳ) ਮਹਾਰਾਜਾ ਰਣਜੀਤ ਸਿੰਘ
(ਅ) ਕਿਸੀ ਇਤਿਹਾਸਿਕ ਸਥਾਨ ਦੀ ਯਾਤਰਾ
(ੲ) ਦੀਵਾਲੀ

(7)

(ੳ) ਨਸ਼ਾ ਨਾਸ ਕਰਦਾ ਹੈ
(ਅ) ਕੰਪਿਊਟਰ
(ੲ) ਹੋਲੀ

(8)

(ੳ) ਪੰਜਾਬ ਦੀ ਲੋਕ–ਖੇਡਾਂ
(ਅ) ਅੱਖੀ ਡਿੱਠਾ ਮੇਲਾ
(ੲ) ਛੱਬੀ ਜਨਵਰੀ

(9)

(ੳ) ਸ਼ਹੀਦ ਭਗਤ ਸਿੰਘ
(ਅ) ਪਹਾੜਾ ਦੀ ਸੈਰ
(ੲ) ਅਨਪੜ੍ਹਤਾ ਇਕ ਸਰਾਪ ਹੈ

(10)

(ੳ) ਵਿਗਿਆਨ ਦੇ ਲਾਭ–ਹਾਨੀਆਂ
(ਅ) ਪ੍ਰਦੂਸ਼ਨ ਦੀ ਸੱਮਸਿਆਂ
(ੲ) ਮੋਬਾਇਲ ਫ਼ੋਨ ਅਤੇ ਇਸ ਦੀ ਵਰਤੋਂ